
ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
1920 ਤੋਂ
ਸਤਿਜੁਗ
ਜਿਲਦ 105
ਨੰਬਰ 14-15
੧੭ ਭਾਦਰੋਂ ਤੋਂ ੧੫ ਅੱਸੂ ੨੦੮੨ ਬਿ:
1 to 30 September 2025
ਹੜ੍ਹ ਦਾ ਕਹਿਰ
10/-

# ਉਸਤਾਦ ਹਰਭਜਨ ਸਿੰਘ ਜੀ ਦੀ ਯਾਦ ਵਿੱਚ ਭੋਗ ਸਮਾਗਮ ਅਤੇ ਸੰਗੀਤ ਬੈਠਕ












# ਸਤਿਜੁਗ

੧੭ ਭਾਦਰੋਂ ਤੋਂ ੧੫ ਅੱਸੂ ੨੦੮੨ ਬਿ.
1 ਤੋਂ 30 ਸਤੰਬਰ 2025 ਈ.
ਜਿਲਦ 105, ਨੰਬਰ 14-15

ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ

*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*
THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ

ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
*Email- Satjug@sribhainisahib.com*

# ਤਤਕਰਾ

* ਸੰਪਾਦਕੀ....................................................4
* ਗੁਰਬਾਣੀ ਵਿਆਖਿਆ......................................6
* ਆਪਣੇ ਜਿਹੇ ਆਪ ਮਾਤਾ ਭੁਪਿੰਦਰ ਕੌਰ ਜੀ
ਸੁਵਰਨ ਸਿੰਘ ਵਿਰਕ.................................8
* ਇੱਕ ਦਸਤਾਰ ਰੱਤ ਲਿੱਬੜੀ
ਜਸਵੀਰ ਰਾਣਾ.......................................16
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਪ੍ਰੀਤਮ ਸਿੰਘ ਕਵੀ...............................20
* ਅੱਖੀਂ ਡਿੱਠਾ ਕਿੱਸਾ ਕੀਤਾ
ਸੰਪਾ: ਸੁਵਰਨ ਸਿੰਘ ਵਿਰਕ..........................23
* The Fauja Way
Maj D.P. Singh.............................................26
* MURDER OFBEEF BUTCHERS BY KUKAS
Dr. Gurdev Singh Sidhu...............................27
* ਖ਼ਬਰਨਾਮਾ.................................................31

ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।




## ਸੰਪਾਦਕੀ

ਪੰਜਾਬ ਬੁਰੀ ਤਰ੍ਹਾਂ ਹੜ੍ਹਾਂ ਦੀ ਮਾਰ ਹੇਠ ਆਇਆ ਹੋਇਆ ਹੈ। ਪੰਜੇ ਆਬਾਂ (ਦਰਿਆਵਾਂ) ਨੇ ਜਨ-ਜੀਵਨ ਅਸਤ ਵਿਅਸਤ ਕਰ ਦਿੱਤਾ ਹੈ। ਤਿੰਨ ਲੱਖ ਏਕੜ ਜਮੀਨ ਹੜਾਂ ਦੀ ਮਾਰ ਹੇਠ ਹੈ। 14 ਲੱਖ ਕਿਊਸਿਕ ਪਾਣੀ ਫਸਲਾਂ, ਘਰ, ਸੜਕਾਂ ਤਬਾਹ ਕਰ ਰਿਹਾ ਹੈ। ਮੌਸਮ ਵਿਭਾਗ ਲਗਾਤਾਰ ਹੋਰ ਮੀਂਹ ਦੀਆਂ ਭਵਿੱਖ ਬਾਣੀਆਂ ਕਰ ਰਿਹਾ ਹੈ। ਮੀਂਹ ਨੇ ਪਿਛਲੇ ਪੱਚੀ ਸਾਲਾਂ ਦੇ ਰਿਕਾਰਡ ਤੋੜ ਦਿੱਤੇ ਹਨ। ਪੂਰਬੀ ਪੰਜਾਬ ਦੇ 1300 ਪਿੰਡ ਇਸ ਕਹਿਰ ਤੋਂ ਪ੍ਰਭਾਵਿਤ ਹੋਏ ਹਨ। ਮੌਜੂਦਾ ਜਾਣਕਾਰੀ ਅਨੁਸਾਰ 42 ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹ ਆਫਤ ਕਿੰਨੀ ਕੁਦਰਤੀ ਤੇ ਕਿੰਨੀ ਮਨੁੱਖੀ ਸਿਰਜੀ ਹੋਈ ਹੈ।

2023 ਵਿਚ ਆਏ ਹੜਾਂ ਕਾਰਨ ਭਾਰੀ ਤਬਾਹੀ ਹੋਈ ਉਸ ਤੋਂ ਬਾਅਦ ਅੱਗੋਂ ਨੁਕਸਾਨ ਨਾ ਹੋਵੇ ਕੀ ਕਦਮ ਸਰਕਾਰਾਂ ਅਤੇ ਸੰਸਥਾਵਾਂ ਨੇ ਚੁੱਕੇ? ਇਹ ਸਾਡੀ ਸੁਹਿਰਦਤਾ 'ਤੇ ਸਵਾਲੀਆ ਨਿਸ਼ਾਨ ਹੈ। ਅਸੀਂ ਜੋ ਵਿਕਾਸ ਦੇ ਨਾਮ 'ਤੇ ਕੁਦਰਤ ਨਾਲ ਖਿਲਵਾੜ ਕੀਤਾ ਉਸ ਦਾ ਮੁਆਵਜਾ ਤੇ ਨਹੀਂ

ਭੁਗਤ ਰਹੇ? ਇਸ ਤਾਣੀ ਨੂੰ ਸੁਲਝਾਉਣ ਲਈ ਸਾਨੂੰ ਆਪਣੀ ਧਰਤੀ ਦੇ ਸੁਭਾਅ ਤੋਂ ਵਾਕਫ ਹੋਣਾ ਪਵੇਗਾ। ਪੰਜਾਬ ਦਾ ਖਿਤਾ ਦਰਿਆਵੀ ਵਹਿਣਾ ਦਾ ਖਿੱਤਾ ਹੈ। ਪਹਾੜਾਂ ਤੋਂ ਨਿਕਲ ਦਰਿਆ ਇਸ ਧਰਤੀ ਨੂੰ ਸਿੰਜਦੇ ਹਨ। ਹੁਣ ਜਦੋਂ ਵਿਕਾਸ ਦੇ ਨਾਮ 'ਤੇ ਪਹਾੜਾ ਦੀ ਕਟਾਈ, ਜੰਗਲਾ ਦਾ ਸਫਾਇਆ, ਵੱਡੀਆਂ-ਵੱਡੀਆਂ ਸੁਰੰਗਾ, ਸੜਕਾਂ ਅਤੇ ਦਰਿਆਵੀ ਸਹਾਇਕ ਵਹਿਣਾ 'ਤੇ ਹੋਟਲ ਘਰ ਜਾਂ ਨਜਾਇਜ਼ ਕਬਜੇ, ਵੱਡੀ ਗਿਣਤੀ ਵਿਚ ਲੋਕਾਂ ਵਲੋਂ ਖਿਲਾਰੀ ਪਲਾਸਟਿਕ ਆਦਿ ਸਭ ਨੇ ਮਿਲ ਇਨ੍ਹਾਂ ਆਫਤਾਂ ਨੂੰ ਸੱਦਾ ਦਿੱਤਾ ਹੈ ਤੇ ਪਾਣੀ ਨੇ ਨਵੇਂ ਰਾਹ ਲੱਭ ਲਏ ਹਨ ਜਾਂ ਰਸਤੇ ਵਿਚ ਆਈਆਂ ਰੁਕਾਵਟਾਂ ਨੂੰ ਤੋੜਿਆ ਹੈ। ਹੜਾਂ ਦਾ ਸੰਕਟ ਹਰ ਵਾਰ ਪਹਿਲਾਂ ਨਾਲੋਂ ਭਿਆਨਕ ਹੋ ਰਿਹਾ ਹੈ। ਇਸ ਵਾਰੀ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਬਿਆਸ ਦਰਿਆ ਪਹਾੜਾਂ ਤੋਂ ਤਬਾਹੀ ਮਚਾਉਂਦਾ ਵਹਿ ਰਿਹਾ ਹੈ। ਸੁਲਤਾਨਪੁਰ ਲੋਧੀ ਦੇ ਬੇਟ ਏਰੀਏ ਵਿਚ ਇਸ ਸਮੇਂ ਬਿਆਸ ਦਰਿਆ ਲਗਭਗ ਛੇ ਕਿਲੋਮੀਟਰ ਚੌੜਾ ਵਹਿ ਰਿਹਾ ਹੈ। ਜਿਸ ਕਾਰਨ ਦਰਜਨਾਂ ਪਿੰਡ ਇਸ ਦੇ ਵਹਿਣ ਵਿਚ ਹਨ। ਕਈ ਹੋਰ ਨਵੇਂ ਪਿੰਡਾਂ ਨੂੰ ਢਾਅ ਲੱਗ ਰਹੀ ਹੈ। ਮੀਂਹ ਲਗਾਤਾਰ ਪੈ ਰਿਹਾ ਹੈ। ਇਹ ਸਥਿਤੀ ਹੋਰ ਕਿੰਨੀ ਭਿਆਨਕ ਹੋਣ ਵਾਲੀ ਹੈ ਇਸ ਖਦਸੇ ਤੋਂ ਦਿਲ ਕੰਬਦਾ ਹੈ।

ਦੂਜੇ ਪਾਸੇ ਰਾਵੀ ਦਰਿਆ ਦਾ ਧੁੱਸੀ ਬੰਨ ਘੋਨੇਵਾਲ ਪਿੰਡ ਵਿਚ ਟੁੱਟ ਗਿਆ ਹੈ ਜਿਸ ਕਾਰਨ ਸੈਂਕੜੇ ਪਿੰਡ ਪਾਣੀ ਵਿਚ ਡੁੱਬ ਗਏ ਹਨ। ਲੋਕਾਂ ਦੀਆਂ ਜ਼ਿੰਦਗੀ ਭਰ ਦੀਆਂ ਕਮਾਈਆਂ ਪਾਣੀ ਨੇ ਅੱਜ ਪਾਣੀ ਕਰ ਦਿੱਤੀਆਂ ਹਨ। ਕਦੋਂ ਫਿਰ ਜਨ-ਜੀਵਨ ਫਿਰ ਆਮ ਹਲਾਤਾਂ ਵਿਚ ਹੋਵੇਗਾ। ਸੱਚ ਤਾਂ ਇਹ ਹੈ ਗਵਾਚੀ ਪੂੰਜੀ ਦਾ ਝੋਰਾ ਜ਼ਿੰਦਗੀ ਭਰ ਦਾ ਰੋਗ ਬਣ ਜਾਂਦਾ ਹੈ।

30 ਅਗਸਤ ਨੂੰ ਸ੍ਰੀ ਸਤਿਗੁਰੂ ਜੀ ਨੇ ਸੁਲਤਾਨਪੁਰ ਲੋਧੀ ਦੇ ਹੜ੍ਹ ਪ੍ਰਭਾਵਿਤ ਇਲਾਕੇ ਦਾ ਦੌਰਾ ਕੀਤਾ। ਵੱਖ-ਵੱਖ ਪਿੰਡਾ ਦੇ ਲੋਕਾਂ ਨੂੰ ਮਿਲੇ ਪਰਿਵਾਰਾਂ, ਪਸ਼ੂਆਂ ਦੀ ਖ਼ਬਰ ਲਈ। ਮੰਡ ਵਿਚ ਵੱਸਣ ਵਾਲੇ ਇਨ੍ਹਾਂ ਲੋਕਾਂ ਅੰਦਰ ਸਰਕਾਰ ਅਤੇ ਪ੍ਰਸ਼ਾਸ਼ਨ ਪ੍ਰਤੀ ਰੋਸ ਹੈ। ਉਹਨਾਂ ਦਾ ਕਹਿਣਾ ਹੈ। ਹੜ੍ਹ ਇਕੱਲਾ ਕੁਦਰਤੀ ਵਰਤਾਰਾ ਨਹੀਂ ਇਹ ਸਰਕਾਰਾਂ ਦਾ ਸਿਰਜਿਆ ਕੰਮ ਵੀ ਹੈ। ਸਰਕਾਰ ਮੀਹਾਂ ਤੋਂ ਪਹਿਲਾਂ ਦਰਿਆਵਾਂ ਦੀਆਂ ਸਹਾਇਕ ਨਦੀਆਂ ਦੀ ਸਫ਼ਾਈ ਨਹੀਂ ਕਰਵਾਉਂਦੀ। ਰੇਤੇ ਨਾਲ ਦਰਿਆਈ ਵਹਿਣ ਉੱਚੇ ਹੋ ਗਏ ਹਨ। ਉਹਨਾਂ ਵੱਲ ਧਿਆਨ ਨਹੀਂ ਦਿੱਤਾ। ਬੰਨਾ ਦੀ ਮੁਰੰਮਤ, ਸਾਫ ਸਫ਼ਾਈ ਨਹੀਂ ਕੀਤੀ ਜਾਂਦੀ ਜਿਸ ਕਾਰਨ ਇਹ ਹੜ੍ਹ ਮਾਰੂ ਬਣਦੇ ਹਨ।

ਆਹਲੀ ਕਲਾਂ ਦੀ ਪੰਚਾਇਤ ਨੇ ਸਤਿਗੁਰੂ ਜੀ ਨੂੰ ਦੱਸਿਆ ਹੜ੍ਹਾਂ ਤੋਂ ਪਹਿਲਾਂ ਜੋ ਦਰਿਆਈ ਵਹਿਣ ਸੀ ਉਹ ਸਾਡੀਆਂ ਜਮੀਨਾਂ ਤੋਂ ਵੀ ਉੱਚਾ ਸੀ। ਸਰਕਾਰ ਮੰਡ ਏਰੀਆ ਦੇ ਲੋਕਾਂ ਨੂੰ ਵੀ ਰੇਤਾ ਇਕ ਖੱਤੇ ਚੋਂ ਦੂਜੇ ਖੱਤੇ 'ਚ ਕਰਨ ਨਹੀਂ ਦਿੰਦੀ। ਸਤਿਗੁਰੂ ਜੀ ਬਚਨ ਕੀਤਾ "ਇਹ ਵੱਡੀ ਕੁਦਰਤੀ ਮਾਰ ਹੈ ਸਾਨੂੰ ਸਾਰਿਆਂ ਨੂੰ ਸੇਵਾ ਲਈ ਅੱਗੇ ਆਉਣਾ ਚਾਹੀਦਾ ਹੈ। ਬਹੁਤ ਸਾਰੀਆਂ ਸੰਸਥਾਵਾਂ ਰਾਸ਼ਣ, ਪਸ਼ੂਆਂ ਦਾ ਚਾਰਾ ਅਤੇ ਪੀਣ ਵਾਲੇ ਪਾਣੀ ਦਾ ਇੰਤਜਾਮ ਕਰ ਰਹੀਆਂ ਹਨ ਪਰ ਪਾਣੀ ਲੱਥਣ ਤੋਂ ਬਾਅਦ ਸਾਨੂੰ ਹੋਰ ਵੀ ਪੁਖਤਾ ਇੰਤਜਾਮ ਕਰਕੇ ਪੈਣਗੇ। ਨਾਮਧਾਰੀ ਦਰਬਾਰ ਹਰ ਤਰ੍ਹਾਂ ਸੇਵਾ ਲਈ ਹਾਜ਼ਰ ਹੈ।" ਸਤਿਗੁਰੂ ਜੀ ਨੇ ਮੀਡੀਆ ਰਾਂਹੀ ਵੀ ਸਰਕਾਰ ਨੂੰ ਕਿਹਾ। "ਪ੍ਰਭਾਵਿਤ ਕਿਸਾਨਾਂ ਨੂੰ ਵੱਧ ਤੋਂ ਵੱਧ ਮੁਆਵਜਾ ਦੇਵੇ। ਕਿਸਾਨਾਂ ਦੀ ਇਸ ਹੜ੍ਹ ਕਾਰਨ ਇਹ ਫਸਲ ਵੀ ਖਤਮ ਹੋ ਗਈ ਅਤੇ ਅਗਲੀ ਫਸਲ ਵੀ ਬਹੁਤੇ ਜ਼ਿਮੀਦਾਰ ਨਹੀਂ ਬੀਜ ਸਕਣਗੇ।" ਲਗਾਤਾਰ ਲੋਕਾਂ ਨੂੰ ਹੜ੍ਹਾਂ ਦੀ ਸਥਿਤੀ 'ਚੋਂ ਸੁਰੱਖਿਅਤ ਕਰਨ ਲਈ ਧਾਰਮਿਕ ਸੰਸਥਾਵਾਂ ਅਤੇ ਸਮਾਜ ਸੇਵੀ ਪੂਰ ਜੋਰ ਯਤਨ ਕਰ ਰਹੇ ਹਨ। ਪੰਜਾਬ ਦੀ ਜਵਾਨੀ ਰਾਹਤ ਸਮੱਗਰੀ ਨਾਲ ਸੇਵਾ ਕਰ ਰਹੀ ਹੈ।

"ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ" ਦੇ ਸ਼ਬਦ ਅਲਾਪਦੇ ਪੰਜਾਬੀ ਇਸ ਵੱਡੀ ਸਮੱਸਿਆ ਨਾਲ ਲੜ ਰਹੇ ਹਨ। ਪਾਣੀ ਲੱਥਣ ਤੋਂ ਬਾਅਦ ਬਿਮਾਰੀਆਂ ਦੇ ਮਾਰੂ ਹਮਲੇ ਤੋਂ ਬਚਾਉਣ ਲਈ ਸਰਕਾਰ ਨੂੰ ਹੁਣ ਤੋਂ ਹੀ ਪੁਖਤਾਂ ਪ੍ਰਬੰਧ ਦੀ ਜ਼ਰੂਰਤ ਹੈ। ਹੜਾਂ ਦੀ ਮਾਰ ਤੋਂ ਪੰਜਾਬ ਬਾਹਰ ਨਿਕਲੇ ਇਹ ਹੀ ਅਰਦਾਸ ਹੈ।

..................................................

# ਗੁਰਬਾਣੀ ਵਿਆਖਿਆ - ਆਸਾ ਦੀ ਵਾਰ

**ਸਲੋਕ ਮਃ ੧॥**

**ਘੜੀਆ ਸਭੇ ਗੋਪੀਆ ਪਹਰ ਕੰਨ੍ ਗੋਪਾਲ ॥**
ਗੁਰੂ ਜੀ ਸਮੇਂ ਦੀ ਇਕਾਈ ਘੜੀਆਂ ਨੂੰ ਗੋਪੀਆਂ ਆਖਦੇ ਹਨ ਅਤੇ ਪਹਿਰ ਨੂੰ ਗੁਪਾਲ ਕ੍ਰਿਸ਼ਨ ਆਖਦੇ ਹਨ।
All the hours are the milk-maids, and the tri-hour of a day is the Krishna.

**ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥**
ਉਹਨਾਂ ਦੇ ਪਹਿਨੇ ਗਹਿਣਿਆਂ ਨੂੰ ਹਵਾ, ਪਾਣੀ, ਅੱਗ, ਚੰਦ, ਸੂਰਜ
ਅਤੇ ਸਾਰੇ ਅਵਤਾਰਾਂ ਨਾਲ ਸ਼ਿੰਗਾਰਦੇ ਹਨ।
Water, wind and fire are the ornaments, of the moon and sun incarnations.

**ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥**
ਸਾਰੀ ਧਰਤੀ ਦਾ ਧਨ ਪਦਾਰਥ ਕੁਦਰਤ ਦੇ ਕੋਲ ਹੈ, ਪਰ ਮਨੁੱਖਾਂ ਦੇ ਇਸਦੇ ਵਰਤਣ ਵਿੱਚ ਬੜੇ ਅੜਿੱਕੇ ਹਨ।
The goods of the earth, property, wealth and articles are all entanglements.

**ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥੧॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਗਿਆਨ ਤੋਂ ਸੱਖਣੀ ਲੋਕਾਈ ਲਗਾਤਾਰ ਠੱਗੀ ਜਾ ਰਹੀ ਹੈ
ਅਤੇ ਕਾਲ ਦੇ ਵੱਸ ਪੈਂਦੀ ਹੈ।
Sri Guru Ji says: Without spiritual wisdom,
one is devoured by the *Jamkaal* (Messenger of Death).

**ਮਃ ੧ ॥**

**ਵਾਇਨਿ ਚੇਲੇ ਨਚਨਿ ਗੁਰ ॥**
ਚੇਲੇ ਸਾਜ਼ ਵਜਾਉਂਦੇ ਹਨ, ਗੁਰੂ ਨੱਚਦੇ ਹਨ।
In dramas, the disciples play instruments, whilst the *Gurus* dance.

**ਪੈਰ ਹਲਾਇਨਿ ਫੇਰਨਿ ਸਿਰਿ ॥**
ਨ੍ਰਿਤਕਾਰੀ ਨਾਲ ਹਾਵ-ਭਾਵ ਮੁਦ੍ਰਿਤ ਕਿਰਿਆ ਕਰਦੇ ਹਨ।
They make different expressions with their dance moves.

**ਉਡਿ ਉਡਿ ਰਾਵਾ ਝਾਟੈ ਪਾਇ ॥**
ਧੂੜ ਉੱਡ-ਉੱਡ ਕੇ ਸਿਰਾਂ ਵਿੱਚ ਪੈਂਦੀਂ ਹੈ,
Dust spreads and covers their heads.

**ਵੇਖੈ ਲੋਕੁ ਹਸੈ ਘਰਿ ਜਾਇ ॥**
ਲੋਕ ਉਹਨਾਂ ਨੂੰ ਵੇਖ ਕੇ ਹੱਸਦੇ ਹੋਏ ਘਰ ਜਾਂਦੇ ਹਨ।
People return home, laughing at the actors.

**ਰੋਟੀਆ ਕਾਰਣਿ ਪੂਰਹਿ ਤਾਲ ॥**
ਇਹ ਸਾਰੇ ਯਤਨ ਰੋਟੀਆਂ ਵਾਸਤੇ ਕੀਤੇ ਜਾਂਦੇ ਹਨ।
All these efforts are made to earn bread.

**ਆਪੁ ਪਛਾੜਹਿ ਧਰਤੀ ਨਾਲਿ ॥**
ਆਪਣੇ ਆਪ ਨੂੰ ਜ਼ਮੀਨ ਨਾਲ ਮਾਰਦੇ ਹਨ।
They throw themselves to the ground.

**ਗਾਵਨਿ ਗੋਪੀਆ ਗਾਵਨਿ ਕਾਨ੍ਹ ॥**
ਗੋਪੀਆਂ ਅਤੇ ਕਾਨ੍ਹ ਬਣਕੇ ਗਾਉਂਦੇ ਹਨ।
They dress up as the Gopis and Krishna, singing their story through theatrical acting

**ਗਾਵਨਿ ਸੀਤਾ ਰਾਜੇ ਰਾਮ ॥**
ਸੀਤਾ ਅਤੇ ਰਾਜੇ ਰਾਮ ਦੇ ਸਰੂਪ ਬਣਾ-ਬਣਾ ਕੇ ਗਾਉਂਦੇ ਹਨ।
They dress up as Sita and Rama, singing their story through theatre.

**ਨਿਰਭਉ ਨਿਰੰਕਾਰੁ ਸਚੁ ਨਾਮੁ ॥**
ਸੱਚੇ ਨਾਮ ਵਾਲਾ ਨਿਰੰਕਾਰ ਹੀ ਨਿਡਰ ਹੈ।
Only the formless God of true name is fearless.

**ਜਾ ਕਾ ਕੀਆ ਸਗਲ ਜਹਾਨੁ ॥**
ਜਿਸਦਾ ਪੈਦਾ ਕੀਤਾ ਹੋਇਆ ਸਾਰਾ ਸੰਸਾਰ ਹੈ।
who has created the entire world.


**ਸੇਵਕ ਸੇਵਹਿ ਕਰਮਿ ਚੜਾਉ ॥**
ਜੋ ਸੇਵਕ ਉਸਨੂੰ ਸਿਮਰਦੇ ਹਨ, ਉਹਨਾਂ ਉੱਤੇ ਹੀ ਮਿਹਰ ਹੁੰਦੀ ਹੈ।
Those who serve God are blessed by Him.

**ਭਿੰਨੀ ਰੈਣਿ ਜਿਨਾ ਮਨਿ ਚਾਉ ॥**
ਜਿਨ੍ਹਾਂ ਦੇ ਮਨ ਵਿੱਚ ਹਰੀ-ਸਿਮਰਨ ਦਾ ਚਾਅ ਹੈ, ਉਹਨਾਂ ਦੀ ਰਾਤ ਭਿੱਜੀ ਭਾਵ ਪ੍ਰੇਮਮਈ ਹੁੰਦੀ ਹੈ।
Those embibed in the love of God have their nights meaningful.

**ਚਲਦਾ...**

**ਨਾਮਧਾਰੀ ਨਿਤਨੇਮ ਸਟੀਕ ਵਿਚੋਂ**

# ਆਪਣੇ ਜਿਹੇ ਆਪ
# ਮਾਤਾ ਭੁਪਿੰਦਰ ਕੌਰ ਜੀ



**ਸੁਵਰਨ ਸਿੰਘ ਵਿਰਕ**
**9996371716**

ਸ੍ਰੀ ਮਾਤਾ ਭੁਪਿੰਦਰ ਕੌਰ ਜੀ ਨੂੰ ਅਟੱਲ ਪਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਿਲ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਜਨਨੀ ਮਾਤਾ ਹੋਣ ਦਾ ਮਾਣ ਹਾਸਲ ਹੈ। ਦੁਨਿਆਵੀ ਤੌਰ ਤੇ ਆਪ ਦੀ ਆਰਜਾ ਤਾਂ ਬੇਸ਼ਕ ਇੱਕ ਚੌਥਾਈ ਸਦੀ ਹੀ ਸੀ ਪਰ ਗੁਰੂ ਘਰ ਵਿੱਚ ਬਿਤਾਏ ਇੱਕ ਦਹਾਕੇ ਦੇ ਆਪ ਦੇ ਸਮੇਂ ਨੂੰ ਕਈ ਵੱਡੀਆਂ ਪਰਾਪਤੀਆਂ ਨਾਲ ਯਾਦ ਕੀਤਾ ਜਾਂਦਾ ਹੈ। ਵਾਤਸਲ ਦੀ ਮੂਰਤ ਇਹ ਮਾਤਾ ਜੀ ਨਾਂ ਸਿਰਫ ਆਪਣੇ ਦੋਹਾਂ ਸਾਹਿਬਜ਼ਾਦਿਆਂ ਸਗੋਂ ਸ੍ਰੀ ਭੈਣੀ ਸਾਹਿਬ ਗੁਰਦੁਆਰੇ ਵਿੱਚ ਰਹਿਣ ਜਾਂ ਦਰਸ਼ਨ ਦੀਦਾਰ ਕਰਨ ਆਈ ਸਮੂੰਹ ਸੰਗਤ ਦੇ ਬੱਚਿਆਂ ਤੋਂ, ਆਪ ਆਪਣਾ ਮਾਤਰੀ ਪ੍ਰੇਮ ਵਾਰਿਆ ਕਰਦੇ ਸਨ। ਛੋਟਿਆਂ ਨਾਲ ਪਿਆਰ ਅਤੇ ਵੱਡਿਆਂ ਦਾ ਸਤਿਕਾਰ ਉਹਨਾਂ ਦੇ ਸੁਭਾਅ ਦਾ ਹਿੱਸਾ ਸੀ। ਸੇਵਾ, ਸਾਦਗੀ, ਖਿਮਾਂ, ਸਹਿਣਸ਼ੀਲਤਾ ਅਤੇ ਧੀਰਜ ਵਾਲੀ ਉਹਨਾਂ ਦੀ ਸ਼ਖਸੀਅਤ ਦੇ ਪ੍ਰਤੀਬਿੰਬ ਦੇ ਝਲਕਾਰੇ, ਬਾਅਦ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਰੂਪ ਵਿੱਚ ਸੁਭਾਇਮਾਨ ਹੁੰਦੇ ਹਨ।

ਮਾਤਾ ਜੀ ਦਾ ਪੇਕਿਆਂ ਦਾ ਨਾਮ ਵੀਰ ਕੌਰ ਸੀ। ਘਰ ਵਿੱਚ ਆਪ ਨੂੰ ਬੀਬੀ ਵੀਰੋ ਦੇ ਨਾਮ ਨਾਲ ਬੁਲਾਇਆ ਜਾਂਦਾ ਸੀ। ਮਾਤਾ ਜੀ ਦੇ ਦਾਦਾ ਜੀ ਚੌਧਰੀ ਹਮੀਰ ਸਿੰਘ ਸਨ ਜਿਹਨਾਂ ਨੌਹਰ ਤਹਿਸੀਲ, ਰਿਆਸਤ ਬੀਕਾਨੇਰ, (ਹੁਣ ਜ਼ਿਲ੍ਹਾ ਹਨੂੰਮਾਨਗੜ੍ਹ-ਰਾਜਸਥਾਨ) ਦੇ ਪਿੰਡ ਸ੍ਰੀ ਕਰਨਪੁਰ ਤੋਂ ਸਰਹਿੰਦ ਨਹਿਰ ਦੀ ਸੋਅ ਸੁਣ ਕੇ, ਰਿਆਸਤ ਪਟਿਆਲਾ ਦੇ ਬਠਿੰਡਾ, ਇਲਾਕੇ ਦੇ ਜੋਗੇ ਵਾਲਾ ਪਿੰਡ ਵਿੱਚ 1200 ਘੁਮਾਂ ਜ਼ਮੀਨ ਆ ਖਰੀਦੀ ਸੀ। ਚੌਧਰੀ ਹਮੀਰ ਸਿੰਘ ਸੋਹੂ ਪਹਿਲਾਂ ਬੀਬੀ ਗੋਤਮੀ ਨਾਲ ਵਿਆਹਿਆ ਸੀ ਪਰ ਬੱਚਾ ਕੋਈ ਨਹੀਂ ਸੀ। ਜੋਗੇ ਵਾਲੇ ਆ ਕੇ ਉਸ ਨੇ ਅੰਮ੍ਰਿਤ ਛਕ ਲਿਆ ਅਤੇ ਸ੍ਰ. ਹਮੀਰ ਸਿੰਘ ਹੋ ਗਿਆ। ਨੇੜੇ ਦੇ ਸਿੱਧੂ ਬਰਾੜ ਸਰਦਾਰਾਂ ਦੇ ਪਿੰਡ ਮਲਕਾਣੇ ਉਹਨਾਂ ਦਾ ਦੂਜਾ ਵਿਆਹ ਹੋ ਗਿਆ। ਇਸ ਵਿਆਹ ਵਿੱਚੋਂ ਵੱਡੀ ਬੇਟੀ ਸਦਾ ਕੌਰ ਅਤੇ ਦੋ ਪੁੱਤਰ ਸੱਦਾ ਸਿੰਘ ਅਤੇ ਸੁੰਦਰ ਸਿੰਘ ਹੋਏ। ਜਦੋਂ ਸਰਹਿੰਦ ਨਹਿਰ ਦੀ ਸ਼ਾਖ, ਅਬੋਹਰ ਦੀ ਪੁਟਾਈ ਸ਼ੁਰੂ ਹੋਈ ਤਾਂ ਸ੍ਰ. ਹਮੀਰ ਸਿੰਘ ਨੇ ਜੋਗੇ ਵਾਲੇ ਦੀ ਜ਼ਮੀਨ ਗਹਿਣੇ ਪਾ ਕੇ, ਫੀਰੋਜ਼ਪੁਰ ਜ਼ਿਲ੍ਹੇ ਦੀ ਫਾਜ਼ਿਲਕਾ ਤਹਿਸੀਲ ਵਿੱਚ 'ਰੱਤਾ ਵਾਸ' ਪਿੰਡ ਦੀ ਮੋਹੜੀ ਗੱਡੀ। ਸਰਦਾਰ ਜੀ ਨੇ 1600 ਘੁਮਾਂ ਜ਼ਮੀਨ ਆਪਣੇ ਪਾਸ ਰੱਖ ਕੇ, ਦੂਜੀ ਰਿਸ਼ਤੇਦਾਰਾਂ ਵਿੱਚ ਵੰਡ ਦਿੱਤੀ। ਸਮਾਂ ਪਾ ਕੇ ਰੱਤਾ ਵਾਸ ਦਾ ਨਾਮ ਟੱਪਰੀ ਵਾਸਾਂ ਦੀ ਇੱਕ ਗੱਦੋਂ ਜਾਂ ਗਧੀ ਇਸਦੀ ਢਾਬ ਵਿੱਚ ਡੁੱਬਣ ਕਾਰਨ, 'ਗੱਦਾਂ-ਡੋਬ' ਪ੍ਰਚਲਿਤ ਹੋ ਗਿਆ। ਆਪਣੇ ਇੱਕ ਦੌਰੇ ਸਮੇਂ ਗੁਰੂ ਹਰੀ ਸਿੰਘ ਜੀ ਨੇ ਇਸ ਨੂੰ "ਵੱਡ- ਤੀਰਥ", ਹਰੀਪੁਰ (ਅਬੋਹਰ) ਦੀ ਡਿਉਢੀ ਹੋਣ ਦਾ ਮਾਨ ਬਖਸ਼ਿਆ ਸੀ।[1]

ਬੀਬੀ ਵੀਰ ਕੌਰ ਦਾ ਜਨਮ ਪਿਤਾ ਸ੍ਰ. ਸੁੰਦਰ ਸਿੰਘ ਸੋਹੂ ਅਤੇ ਮਾਤਾ ਰਾਮ ਕੌਰ ਦੇ ਘਰ ਕੱਤਕ 1955 ਬਿਕ੍ਰਮੀ ਮੁਤਾਬਿਕ ਅਕਤੂਬਰ, ਨਵੰਬਰ 1898 ਵਿੱਚ ਹੋਇਆ।[2] ਮਾਤਾ ਰਾਮ ਕੌਰ ਫੂਲੇਵਾਲਾ (ਮੁਕਤਸਰ) ਦੇ ਬਾਬਾ ਖੜਕ ਸਿੰਘ ਦੀ ਪੋਤਰੀ ਸੀ। ਬਾਬਾ ਖੜਕ ਸਿੰਘ, ਰਿੱਧੀਆਂ ਸਿੱਧੀਆਂ ਦੇ ਧਾਰਨੀ ਤੇ ਖਾੜਕੂ ਸੁਭਾਅ ਦੇ ਮਾਲਕ ਸਨ। ਇਲਾਕੇ ਦੇ ਨਾਮਧਾਰੀਆਂ ਵਿੱਚ ਉਹ ਸਿਰਮੌਰ ਵਿਅਕਤੀ ਸਨ। ਬਾਬਾ ਖੜਕ ਸਿੰਘ ਜੀ ਦੇ ਪ੍ਰਭਾਵ ਸਦਕਾ ਹੀ ਸ੍ਰ. ਸੁੰਦਰ ਸਿੰਘ ਜੀ ਗੁਰੂ ਹਰੀ ਸਿੰਘ ਜੀ ਦੇ ਦ੍ਰਿੜ ਵਿਸ਼ਵਾਸੀ ਸੇਵਕ ਸਨ।[3] ਨਾਮਧਾਰੀ ਸਿੱਖੀ ਵਿੱਚ ਤਾਂ ਵੱਡਾ ਭਾਈ ਸੱਦਾ ਸਿੰਘ ਵੀ ਆ ਚੁੱਕਾ ਸੀ ਪਰ ਉਹ ਸੁਭਾਅ ਦਾ ਅੜਬ ਅਤੇ ਇਲਾਕੇ ਦੇ ਇਸ ਤਰ੍ਹਾਂ ਦੇ ਲੋਕਾਂ ਨਾਲ ਹੀ ਜ਼ਿਆਦਾ ਮੇਲ ਮਿਲਾਪ ਰੱਖਣ ਵਾਲਾ ਸੀ। ਸ੍ਰ. ਸੁੰਦਰ ਸਿੰਘ - ਰਾਮ ਕੌਰ ਦੰਪਤੀ ਦੇ ਕੁੱਲ ਪੰਜ ਬੱਚੇ ਸਨ। ਤਿੰਨ ਪੁੱਤਰ, ਕਿਰਪਾਲ ਸਿੰਘ, ਸੂਬਾ ਮੀਹਾਂ ਸਿੰਘ ਅਤੇ ਨਾਹਰ ਸਿੰਘ (ਇਹ ਵੀ ਸੂਬੇ ਸਨ), ਦੋ ਪੁੱਤਰੀਆਂ ਬੀਬੀ ਹਰਨਾਮ ਕੌਰ ਅਤੇ ਬੀਬੀ ਵੀਰ ਕੌਰ। ਬੀਬੀ ਵੀਰ ਕੌਰ ਪੰਜਾਂ ਭੈਣ ਭਰਾਵਾਂ ਵਿੱਚੋਂ ਸਭ ਤੋਂ ਛੋਟੀ ਸੀ। ਸਤਿਗੁਰੂ ਜੀ ਦੇ ਨਾਲ ਜਲਾਵਤਨ ਹੋਏ ਦਸਾਂ ਵਿੱਚੋਂ ਇੱਕ ਸੂਬਾ ਹੁਕਮਾ ਸਿੰਘ ਵੈਸੇ ਤੇ ਪਿੰਡ ਪਿੱਥੋ ਦੇ ਸਨ। ਕੈਦ ਕੱਟ ਕੇ ਚੁਨਾਰ ਕਿਲੇ ਤੋਂ 1887-88 ਈ. ਵਿੱਚ ਵਾਪਸ ਆਏ ਤਾਂ ਪਿੱਥੋ ਰਹਿਣ ਦੀ ਆਗਿਆ ਸਰਕਾਰ ਤੋਂ ਨਾ ਮਿਲੀ। ਉਹ ਗੁਰੂਸਰ ਸ੍ਰ. ਸੁੰਦਰ ਸਿੰਘ ਜੀ ਪਾਸ ਆ ਰਹੇ

ਸਨ।ਪਿੰਡੋਂ ਬਾਹਰ ਕੁਟੀਆ ਬਣਾ ਦਿੱਤੀ ਸੀ ਜਿੱਥੇ ਉਹ 1912 ਈ. ਵਿੱਚ ਹੁਕਮ ਸੱਤ ਹੋਏ। ਬੀਬੀ ਵੀਰ ਕੌਰ ਨੂੰ ਅੰਮ੍ਰਿਤ ਸੰਸਕਾਰ, ਪੈਦਾ ਹੋਣ ਬਾਅਦ ਸੂਬਾ ਹੁਕਮਾ ਸਿੰਘ ਹੋਰਾਂ ਦੁਆਰਾ ਹੋਇਆ ਸੀ। ਉਹਨਾਂ ਨੇ ਹੀ ਆਪ ਨੂੰ ਭਜਨ ਦੱਸਿਆ ਸੀ। ਬੀਬੀ ਵੀਰੋ ਜਦੋਂ ਤਿੰਨ ਚਾਰ ਸਾਲ ਦੇ ਹੋ ਗਏ ਤਾਂ ਇਕ ਹਰੀ ਸਿੰਘ ਨਾਮ ਦਾ ਸਾਧੂ ਘਰ ਆਇਆ।ਉਹਨਾਂ ਨੇ ਬੀਬੀ ਜੀ ਦਾ ਚਿਹਰਾ ਮੋਹਰਾ ਵੇਖ ਕੇ ਮਾਤਾ ਰਾਮ ਕੌਰ ਜੀ ਨੂੰ ਕਿਹਾ- "ਮਾਤਾ! ਵੀਰੋ ਦਾ ਮੂੰਹ ਨਾ ਫਿਟਕਾਰਨਾ, ਇਹ ਜਗਤ-ਮਾਤਾ ਬਣੇਗੀ। ਸ਼ਕਤੀ ਆਪ ਜਾਮਾ ਧਾਰਿਆ ਹੈ।"[4]

ਨੀਲਿਆਂ ਵਾਲੀ ਰਿਆਸਤ ਬਹਾਵਲਪੁਰ ਦੇ ਜੈਲਦਾਰ ਗੁਰਮੁਖ ਸਿੰਘ ਸਨ।ਉਹ ਵੀ ਗੁਰੂ ਹਰੀ ਸਿੰਘ ਜੀ ਦੇ ਨਾਮਧਾਰੀ ਸਿੱਖ ਸਨ ਅਤੇ ਸ੍ਰ. ਸੱਦਾ ਸਿੰਘ ਸੋਹੂ ਨਾਲ ਉਹਨਾਂ ਦਾ ਵਾਹਵਾ ਨੇੜ ਸੀ। ਬੱਡ ਤੀਰਥ ਹਰੀਪੁਰੇ ਦਾ ਪ੍ਰਸਿੱਧ ਗੁਰਦੁਆਰਾ ਉਹਨਾਂ ਹੀ ਬਣਵਾ ਕੇ ਨਾਮਧਾਰੀ ਸੰਗਤ ਨੂੰ ਭੇਟ ਕੀਤਾ ਸੀ ਸੰਨ 1890 ਈ. ਦੇ ਨੇੜੇ ਤੇੜੇ। ਬਾਅਦ ਵਿੱਚ ਜਦੋਂ ਰਿਆਸਤ ਬਹਾਵਲਪੁਰ ਅਤੇ ਆਸੇ ਪਾਸੇ ਸਿੰਘ ਸਭਾ ਦਾ ਪਰਚਾਰ ਜੋਰ ਫੜ ਗਿਆ ਤਾਂ ਸ੍ਰ. ਗੁਰਮੁਖ ਸਿੰਘ ਇਸ ਦੀ ਕਾਂਗ ਅੱਗੇ ਟਿਕ ਨਾ ਸਕਿਆ। ਇਸ ਤੋਂ ਪਹਿਲਾਂ ਸ੍ਰ. ਸੱਦਾ ਸਿੰਘ ਨੇ ਆਪਣਾ ਧਾਕੜ ਸੁਭਾਅ ਵਰਤਦਿਆਂ, ਛੋਟੇ ਭਰਾ ਸੁੰਦਰ ਸਿੰਘ ਤੇ ਦਬਾਅ ਪਾ ਕੇ ਬੀਬੀ ਵੀਰੋ ਦਾ ਰਿਸਤਾ ਜ਼ੈਲਦਾਰ ਗੁਰਮੁਖ ਸਿੰਘ ਦੇ ਲੜਕੇ ਨੂੰ ਕਰਵਾ ਦਿੱਤਾ। ਪਰ ਹੁਣ ਜਦੋਂ ਸਰਦਾਰ ਕੂਕ ਪੁਣੇ ਤੋਂ ਮੁਨਕਰ ਹੋ ਗਿਆ ਤਾਂ ਸ੍ਰ. ਸੁੰਦਰ ਸਿੰਘ ਸੋਹੂ ਨੇ ਲਾਗੀ ਭੇਜ ਕੇ, ਜ਼ੈਲਦਾਰ ਗੁਰਮੁਖ ਸਿੰਘ ਨੂੰ ਉਸ ਦੇ ਲੜਕੇ ਦੇ ਰਿਸ਼ਤੇ ਤੋਂ ਇਹ ਕਹਿੰਦਿਆਂ ਤੋੜ ਵਿਛੋੜਾ ਕਰ ਦਿੱਤਾ ਕਿ ਅਸਾਂ ਨਾਤਾ ਤੇਰੇ ਕੂਕਾ ਹੋਣ ਕਰ ਕੇ ਹੀ ਜੋੜਿਆ ਸੀ। ਹੁਣ ਤੂੰ ਆਪਣਾ ਪੜ੍ਹਿਆ ਵਿਚਾਰ। ਇਸ ਰਿਸ਼ਤਾ ਟੁੱਟਣ ਤੇ ਮਾਤਾ ਰਾਮ ਕੌਰ ਨੇ ਤਾਂ ਕੁਝ ਭਰਮ ਕੀਤਾ ਪਰ ਸਰਦਾਰ ਜੀ ਨੇ ਕਿਹਾ ਕਿ ਫਿਕਰ ਨਾ ਕਰੋ। ਗੁਰੂ ਕੋਈ ਚੰਗੀ ਬਿਧ ਬਣਾਏਗਾ। ਸਰਦਾਰ ਜੀ ਨੇ ਉਦੋਂ ਹੀ ਆਪਣੇ ਮਨ ਵਿੱਚ ਇਹ ਧਾਰ ਲਿਆ ਕਿ ਉਹ ਇਹ ਰਿਸ਼ਤਾ ਗੁਰੂ ਹਰੀ ਸਿੰਘ ਜੀ ਦੇ ਸਾਹਿਬਜ਼ਾਦੇ ਪਰਤਾਪ ਸਿੰਘ ਜੀ ਨਾਲ ਹੀ ਕਰੇਗਾ।[5] ਸਮਾਂ ਲੰਘਦਾ ਗਿਆ। ਗੁਰੂ ਹਰੀ ਸਿੰਘ ਜੀ ਜੋਤੀ ਜੋਤਿ ਸਮਾ ਗਏ। ਸਤਿਗੁਰੂ ਪਰਤਾਪ ਸਿੰਘ ਜੀ ਨਾਮਧਾਰੀ ਪੰਥ ਦੀ ਗੁਰਗੱਦੀ ਤੇ ਬਿਰਾਜਮਾਨ ਹੋ ਚੁੱਕੇ ਸਨ।

ਲੰਬੜਦਾਰ ਸੱਦਾ ਸਿੰਘ ਨੂੰ ਭਰਾ ਦੇ ਇਸ ਇਰਾਦੇ ਦੀ ਜਦੋਂ ਸੂਹ ਮਿਲੀ ਤਾਂ ਉਹ ਲੋਹਾ ਲਾਖਾ ਹੋ ਗਿਆ। ਉਹ ਜਾਤੀ ਅਭਿਮਾਨ ਦੇ ਫੁੰਕਾਰੇ ਛੱਡਣ ਲੱਗਾ ਅਤੇ ਆਸ ਪਾਸ ਦੇ ਆਪਣੇ ਵਰਗੇ ਲੋਕਾਂ ਨੂੰ ਵੀ ਭੜਕਾਊ ਭਾਸ਼ਣ ਬਾਜੀ ਕਰ ਕੇ, ਆਪਣੇ ਨਾਲ ਗੰਢਣ ਲੱਗਾ। ਇਸ ਕਸ਼ਮਕਸ਼ ਵਿੱਚ ਸ੍ਰ. ਸੁੰਦਰ ਸਿੰਘ ਜੀ ਵੀ ਢਿੱਲੇ ਮੱਠੇ ਰਹਿਣ ਲੱਗ ਪਏ ਪਰ ਉਹਨਾਂ ਆਪਣੀ ਧਰਮ ਪਤਨੀ, ਮਾਤਾ ਰਾਮ ਕੌਰ ਅਤੇ ਤਿੰਨਾਂ ਪੁੱਤਰਾਂ ਨੂੰ ਕੋਲ ਬੁਲਾ ਕੇ ਆਪਣਾ ਸੰਕਲਪ ਦੁਹਰਾਇਆ ਕਿ ਬੀਬੀ ਵੀਰੋ ਦਾ ਰਿਸਤਾ, ਸਤਿਗੁਰੂ ਪਰਤਾਪ ਸਿੰਘ ਜੀ ਨਾਲ ਕਰਨਾ ਹੈ। ਸਾਰਿਆਂ ਨੇ ਉਹਨਾਂ ਦੇ ਬਚਨ ਅੱਗੇ ਸਿਰ ਨਿਵਾਇਆ। ਨਾਹਰ ਸਿੰਘ ਹੋਰੀਂ ਉਮਰ ਵਿੱਚ ਅਜੇ ਛੋਟੇ ਹੀ ਸਨ, ਕਿਰਪਾਲ ਸਿੰਘ ਕੁਝ ਢਿੱਲੇ ਰਹਿੰਦੇ ਸਨ। ਮੀਹਾਂ ਸਿੰਘ ਹੋਰਾਂ ਨੇ ਕਿਹਾ ਕਿ ਆਪ ਦਾ ਹਰ ਹੁਕਮ ਸਿਰ ਧੜ ਦੀ ਬਾਜ਼ੀ ਲਾ ਕੇ ਪੂਰਾ ਕਰਾਂਗੇ।

ਸ੍ਰ. ਸੁੰਦਰ ਸਿੰਘ ਜੀ ਦੇ ਇਕ ਮਿੱਤਰ ਨਾਮਧਾਰੀ ਮਿਸਤਰੀ ਜੁਆਲਾ ਸਿੰਘ ਜੀ, ਪਿੱਛੋਂ ਤਾਂ ਦੁਆਬੇ ਦੇ ਸਨ ਪਰ ਹੁਣ ਮੰਡੀ ਡੱਬਵਾਲੀ ਵਿੱਚ ਰਹਿੰਦੇ ਸਨ। ਸ੍ਰ. ਜੀ ਨੇ ਉਹਨਾਂ ਨੂੰ ਆਪਣੇ ਪਾਸ ਬੁਲਾ ਕੇ, ਅੰਤਿਮ ਸਮਾਂ ਹੋਣ ਕਾਰਨ, ਸਤਿਗੁਰੂ ਪਰਤਾਪ ਸਿੰਘ ਜੀ ਪਾਸ ਦਰਸ਼ਨ ਦੇਣ ਦੀ ਬੇਨਤੀ ਕਰਨ ਲਈ ਭੈਣੀ ਸਾਹਿਬ ਭੇਜਿਆ। ਜੁਆਲਾ ਸਿੰਘ ਨੂੰ ਸਤਿਗੁਰੂ ਜੀ ਲੁਧਿਆਣੇ ਸਟੇਸ਼ਨ ਤੇ ਹੀ ਮਿਲ ਪਏ। ਬੇਨਤੀ ਸੁਣ ਕੇ ਬਾਕੀ ਸੰਗਤ ਨੂੰ ਭੈਣੀ ਸਾਹਿਬ ਭੇਜ ਕੇ ਆਪ ਆਪਣੇ ਲਾਂਗਰੀ ਸਿੰਘ ਨੂੰ ਨਾਲ ਲੈ ਕੇ ਧੂਰੀ, ਬਠਿੰਡਾ ਹੁੰਦੇ ਪੱਕੀ ਦੇ ਸਟੇਸ਼ਨ ਤੋਂ ਉੱਤਰ ਕੇ ਅਗਲੀ ਸਵੇਰ ਗੁਰੂਸਰ ਜਾ ਪੁੱਜੇ। ਸਰਦਾਰ ਜੀ ਅਤੇ ਪਰਿਵਾਰ ਦਰਸ਼ਨ ਕਰ ਕੇ ਨਿਹਾਲ ਹੋ ਗਿਆ।

ਸ੍ਰ. ਸੁੰਦਰ ਸਿੰਘ ਜੀ ਪਾਸ ਸੂਬਾ ਹੁਕਮਾ ਸਿੰਘ ਹੋਰਾਂ ਦਾ ਇੱਕ ਸੇਵਕ ਬਾਬਾ ਸਾਵਣ ਸਿੰਘ ਰਹਿੰਦਾ ਸੀ। ਸੁੰਦਰ ਸਿੰਘ ਜੀ ਨੇ ਉਹਨਾਂ ਨੂੰ ਘਰ ਵਿੱਚ ਪਰਕਾਸ਼ ਕੀਤੇ ਆਦਿ ਗੁਰੂ ਗਰੰਥ ਸਾਹਿਬ ਤੋਂ ਵਾਕ ਲੈਣ ਲਈ ਕਿਹਾ, ਵਾਕ ਲਿਆ- "ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ ਸਦ ਨਵਤਨੁ ਬਾਲ ਸਖਾਈ।" (ਸੂਹੀ ਮ: ਚੌਥਾ, ਅੰਗ ੭੭੩)

ਬਾਬਾ ਸਾਵਣ ਸਿੰਘ ਜੀ ਨੇ ਕਿਹਾ, ਸਰਦਾਰ ਜੀ ਕਰੋ ਕਾਰਜ, ਪਰਿਵਾਰ ਦੇ ਸੱਜਣ ਸਭ ਹਾਜਰ ਸਨ। ਮਾਤਾ ਭੁਪਿੰਦਰ ਕੌਰ ਜੀ ਨੇ ਫੁੱਲ ਮਾਲਾ ਅਤੇ ਉੱਨ ਦੀ ਮਾਲਾ ਮੱਥਾ ਟੇਕ ਕੇ, ਸਤਿਗੁਰੂ ਜੀ ਨੂੰ ਪਹਿਰਾਈ। ਇਸੇ ਤਰ੍ਹਾਂ ਸਤਿਗੁਰੂ ਜੀ ਨੇ ਉੱਨ ਮਾਲਾ ਬੀਬੀ ਵੀਰੋ ਜੀ ਨੂੰ ਪਹਿਨਾ ਦਿੱਤੀ। ਪਤਾਸਿਆਂ ਦਾ ਪਰਸ਼ਾਦ ਵਰਤਾ ਦਿੱਤਾ ਗਿਆ। ਸਤਿਗੁਰੂ ਜੀ ਉਸ ਤੋਂ ਬਾਅਦ ਤੁਰੰਤ ਹੀ ਸ੍ਰੀ ਭੈਣੀ ਸਾਹਿਬ ਨੂੰ ਪਰਤ ਆਏ।[6] ਵਹਿਮੀ ਜੀ ਮੁਤਾਬਿਕ ਇਸ ਸਮੇਂ ਮਾਤਾ ਜੀਵਨ ਕੌਰ ਜੀ ਵੀ ਸਤਿਗੁਰੂ ਜੀ ਦੇ ਨਾਲ ਆਏ ਸਨ।

ਸ੍ਰ. ਸੱਦਾ ਸਿੰਘ ਹੋਰੀਂ ਖੁੱਲ੍ਹਮ ਖੁੱਲ੍ਹਾ ਇਸ ਪ੍ਰਸਤਾਵਿਤ ਅਨੰਦ ਕਾਰਜ ਦੇ ਵਿਰੁੱਧ ਹਰ ਤਰ੍ਹਾਂ ਦੀ

ਲਾਮਬੰਦੀ ਕਰ ਕੇ, ਭਿਆਨਕ ਨਤੀਜਿਆਂ ਦੀਆਂ ਧਮਕੀਆਂ ਦੇਣ ਲੱਗ ਪਏ। ਹੋਰ ਤੇ ਹੋਰ ਉਹਨਾਂ ਬੀਬੀ ਵੀਰੋ ਜੀ ਦੀ ਵੱਡੀ ਭੈਣ ਬੀਬੀ ਹਰਨਾਮ ਕੌਰ ਜੋ 'ਵਿੜਗੀਂ' ਜ਼ੈਲਦਾਰ ਮੱਘਰ ਸਿੰਘ ਦੇ ਛੋਟੇ ਭਰਾ ਚੱਘੜ ਸਿੰਘ ਨੂੰ ਵਿਆਹੀ ਸੀ, ਉਸਦੇ ਪਤੀ ਚੱਘੜ ਸਿੰਘ ਤੋਂ ਮਾਤਾ ਰਾਮ ਕੌਰ ਨੂੰ ਧਮਕੀ ਦੁਆਈ ਕਿ ਜੇ ਇਹ ਰਿਸ਼ਤਾ ਹੋਇਆ ਤਾਂ ਮੈਂ ਤੁਹਾਡੀ ਧੀ ਛੱਡ ਦਿਆਂਗਾ। ਮਾਤਾ ਦਾ ਜੁਆਬ ਸੀ ਕੋਈ ਗੱਲ ਨਹੀਂ, ਅਸੀਂ ਸਮਝ ਲਵਾਂਗੇ ਕਿ ਸਾਡਾ ਜੁਆਈ ਮਰ ਗਿਆ ਹੈ।[7]

ਸ੍ਰ. ਸੁੰਦਰ ਸਿੰਘ ਜੀ ਵੀ ਇਹਨਾਂ ਦਿਨਾਂ ਵਿੱਚ ਹੀ ਚੜ੍ਹਾਈ ਕਰ ਗਏ ਸਨ। ਉਹਨਾਂ ਦੇ ਭੋਗ ਤੋਂ ਕੁਝ ਸਮਾਂ ਬਾਅਦ ਮਾਤਾ ਰਾਮ ਕੌਰ ਜੀ ਨੇ ਆਪਣੇ ਪੁੱਤਰ ਮੀਹਾਂ ਸਿੰਘ ਨੂੰ ਸ੍ਰੀ ਭੈਣੀ ਸਾਹਿਬ ਭੇਜਿਆ ਕਿ ਮਾਤਾ ਜੀਵਨ ਕੌਰ ਜੀ ਪਾਸ ਸਤਿਗੁਰੂ ਜੀ ਦੇ ਅਨੰਦ ਕਾਰਜ ਦਾ ਦਿਨ ਮਿਥਣ ਦੀ ਬੇਨਤੀ ਕਰ ਆਵੇ। ਕੁਝ ਸਮੇਂ ਬਾਅਦ ਮਾਤਾ ਜੀ ਨੇ ਸਤਿਗੁਰੂ ਜੀ ਨਾਲ ਸਲਾਹ ਕਰ ਕੇ 13 ਪੋਹ 1971 ਬਿਕ੍ਰਮੀ ਮੁਤਾਬਿਕ 27 ਦਸੰਬਰ, 1914 ਈ. ਐਤਵਾਰ ਦਾ ਦਿਨ ਮਿਥ ਲਿਆ। ਅਨੰਦ ਤੋਂ ਸੱਤ ਕੁ ਦਿਨ ਪਹਿਲਾਂ ਮਾਤਾ ਜੀਵਨ ਕੌਰ ਜੀ ਅਤੇ ਕੁਝ ਲਾਂਗਰੀ ਸਿੰਘ, ਗੁਰੂਸਰ ਆਏ ਸਨ ਤਾਂਕਿ ਸਾਰੇ ਕਾਰਜ ਦੀ ਨਿਰਵਿਘਨਤਾ ਨਾਲ ਪੂਰਨ ਤਿਆਰੀ ਅਤੇ ਨਿਗਰਾਨੀ ਕੀਤੀ ਜਾ ਸਕੇ।[8]

ਤਾਇਆ ਸੱਦਾ ਸਿੰਘ ਆਪਣੇ ਜੋਟੀਦਾਰਾਂ ਨੂੰ ਵੰਗਾਰ ਕੇ ਆਪਣੇ ਚੁਬਾਰੇ ਵਿੱਚ ਹਥਿਆਰ, ਅਸਲਾ ਆਦਿ ਜਮ੍ਹਾਂ ਕਰੀ ਬੈਠਾ ਸੀ। ਇਸ ਅਨੰਦ ਕਾਰਜ ਨੂੰ ਆਪਣੇ ਜਾਤ ਅਭਿਮਾਨ ਤੇ ਸੱਟ ਪ੍ਰਚਾਰ ਕਰ ਕੇ, ਆਲੇ ਦੁਆਲੇ ਦੇ ਬਾਗੜੀ ਜਾਟਾਂ ਅਤੇ ਪਚਾਧੇ ਮੁਸਲਮਾਨਾਂ ਤੇ ਪਿੰਡ ਵਿੱਚ ਇਕ ਦੋ ਘਰਾਂ ਨੂੰ ਹੀ ਛੱਡ ਕੇ, ਸਭ ਨੂੰ ਆਪਣੇ ਨਾਲ ਗੰਢ ਲਿਆ। ਤੇ ਕਹਿੰਦਾ ਫਿਰੇ ਕਿ ਮੇਰੇ ਜਿਊਂਦਿਆਂ ਇਹ ਵਿਆਹ ਨਹੀਂ ਹੋ ਸਕਦਾ।

ਨੇੜੇ ਹੀ 'ਸਰਾਵਾਂ' ਬੋਦਲਿਆਂ ਦਾ ਪਿੰਡ ਸੀ। ਬੋਦਲੇ ਮੁਸਲਮਾਨਾਂ ਦੇ ਪੀਰ ਸਨ। ਮੀਹਾਂ ਸਿੰਘ ਜੀ ਨੇ ਜਦੋਂ ਸਾਰੀ ਗੱਲ ਦੱਸੀ ਤਾਂ ਉਹਨਾਂ ਕਿਹਾ ਜੇ ਤੁਹਾਡੇ ਪੀਰ ਜੀ ਨੇ ਇੱਥੇ ਢੁੱਕਣਾ ਹੈ ਤਾਂ ਅਸੀਂ ਤੁਹਾਡੀ ਹਰ ਤਰ੍ਹਾਂ ਦੀ ਮਦਦ ਲਈ ਤਿਆਰ ਹਾਂ। ਇਹਨਾਂ ਬੋਦਲਿਆਂ ਦੀ ਜਗੀਰ ਚਾਰ ਪਿੰਡਾਂ ਵਿੱਚ ਫੈਲੀ ਹੋਈ ਸੀ। ਦੂਜੇ ਪਾਸੇ ਫੂਲੇ ਵਾਲ, ਕਰਾਈ ਵਾਲ, ਦੂਹੇ ਵਾਲ, ਥਰਾਜ ਵਾਲਾ ਅਤੇ ਖੂਨਣ ਆਦਿ ਪਿੰਡਾਂ ਵਿੱਚ ਨਾਮਧਾਰੀਆਂ ਦਾ ਬੜਾ ਜ਼ੋਰ ਸੀ, ਉਹਨਾਂ ਸਾਰਿਆਂ ਨੇ ਵੀ ਮੀਹਾਂ ਸਿੰਘ ਹੋਰਾਂ ਨੂੰ ਕਿਹਾ, ਅਸੀਂ ਤੁਹਾਡੇ ਨਾਲ ਹਾਂ, ਕੋਈ ਸਤਿਗੁਰੂ ਜੀ ਵੱਲ ਮੈਲੀ ਅੱਖ ਕਰੇ ਤੇ ਸਹੀ। ਸਤਿਗੁਰੂ ਪਰਤਾਪ ਸਿੰਘ ਜੀ ਨੇ ਵੀ ਕੁਝ ਸੂਰਬੀਰ ਸਿੰਘਾਂ ਦਾ ਇਕ ਦਲ ਭੇਜ ਦਿੱਤਾ ਕਿ ਤੁਸੀਂ ਚੁੱਪ ਚਾਪ ਭਜਨ ਕਰਦਿਆਂ ਵਿਚਰਨਾ ਅਤੇ ਸਾਰੇ ਕੰਮ ਤੇ ਨਿਗ੍ਹਾ ਰੱਖਣੀ। ਹੁਣ ਅਨੰਦ ਦੇ ਦਿਨ ਤੋਂ ਪਹਿਲਾਂ ਹੀ ਸ਼ਬਦ ਪੜ੍ਹਦੇ, ਸਲੋਤਰਾਂ, ਸਫਾ ਜੰਗਾਂ ਨਾਲ ਲੈਸ ਕੂਕੇ ਸਿੰਘਾਂ ਦੇ ਦਲ ਲੱਥਣੇ ਸ਼ੁਰੂ ਹੋ ਗਏ, ਜਿਹਨਾਂ ਵਿੱਚ ਪ੍ਰਮੁੱਖ ਸਨ, ਸੰਤ ਜਵੰਦ ਸਿੰਘ ਜ਼ਿੰਦਾ ਸ਼ਹੀਦ ਖਿਆਲੇ ਵਾਲੇ, ਆਪਣੇ ਵੱਡੇ ਜੱਥੇ ਸਮੇਤ, ਸੰਤ ਕਰਮ ਸਿੰਘ, ਹਿੰਮਤ ਪੁਰਾ, ਮੱਲ ਸਿੰਘ ਠੇਠਰ ਆਦਿ। ਆਤਮਾ ਸਿੰਘ ਖਿਹਾਲਾ ਵਾਅ ਭਾਅ ਲੈਣ ਬਾਹਰ ਨਿਕਲਿਆ। ਉਸ ਵੇਖਿਆ ਕਿ ਸੱਦਾ ਸਿੰਘ ਦੀ ਘਰ ਵਾਲੀ, ਮਾਤਾ ਰਾਮ ਕੌਰ ਨੂੰ ਗਾਹਲਾਂ ਕੱਢ ਰਹੀ ਹੈ। ਆਤਮਾ ਸਿੰਘ ਨੇ ਕਿਹਾ, 'ਖਬਰਦਾਰ ਜੇ ਹੁਣ ਗਾਲ੍ਹ ਕੱਢੀ ਤਾਂ ਮੈਂ ਤੇਰੀ ਜਾਨ ਕੱਢ ਦਿਆਂਗਾ।' ਉਸ ਸੱਦਾ ਸਿੰਘ ਨੂੰ ਜਾ ਦੱਸਿਆ, ਪਰ ਸੂਰਮੇ ਸਿੰਘ ਦਾ ਦਬਦਬਾ ਵੇਖ ਕੇ ਉਹ ਚੁੱਪ ਕਰ ਰਿਹਾ। ਮੀਹਾਂ ਸਿੰਘ ਨੇ ਫਿਰੋਜ਼ਪੁਰ ਡੀ.ਸੀ. ਕਾਨਰ ਨੂੰ ਮਿਲ ਕੇ ਤਾਏ ਸੱਦਾ ਸਿੰਘ ਬਾਰੇ ਦਰਖਾਸਤ ਦਿੱਤੀ ਕਿ ਮੇਰੀ ਭੈਣ ਦੀ ਸ਼ਾਦੀ ਵਿੱਚ ਵਿਘਨ ਪਾਉਂਦਾ ਹੈ। ਤੁਰੰਤ ਇਕ ਥਾਣੇਦਾਰ ਸੱਦਾ ਸਿੰਘ ਪਾਸ ਆਇਆ। ਉਸ ਕਿਹਾ ਕਿ ਸਰਦਾਰ ਜੀ ਜਾਂ ਤਾਂ ਦਸ ਦਿਨ ਪਿੰਡ ਛੱਡ ਦਿਓ ਜਾਂ ਫਿਰ ਦਸ ਦਿਨ ਜਿਹਲ ਵਿੱਚ ਚੱਲੋ। ਸੱਦਾ ਸਿੰਘ ਗੱਡੇ ਤੇ ਸਮਾਨ ਲੱਦ ਕੇ ਆਪਣੀ ਭੈਣ ਦੇ ਪਿੰਡ ਰੁਪਾਣੇ ਜਾ ਰਿਹਾ। ਹੁਣ ਅਨੰਦ ਕਾਰਜ ਲਈ ਮੈਦਾਨ ਸਾਫ ਸੀ।[9]

ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਹਜ਼ੂਰੀ ਜੱਥੇ, ਸ੍ਰੀ ਭੈਣੀ ਸਾਹਿਬ ਵਿਖੇ ਹੀ ਰਹਿਣ ਵਾਲੇ ਪੁਰਾਤਨ ਸਾਧੂ ਸੰਤ, ਮਹੰਤ ਗੁਰਦਿਤ ਸਿੰਘ ਮੋਰੋਂ, ਲਾਂਗਰੀ ਰਾਘੋ ਸਿੰਘ, ਹਰਨਾਮ ਸਿੰਘ ਨਥਾਣੀਆ, ਮਹੰਤ ਸੇਵਾ ਸਿੰਘ ਸਧਾਰੀ ਮਾਜਰਾ, ਹੀਰਾ ਸਿੰਘ ਟਿੱਕਾ ਮੂੰਡੀਆਂ, ਗੋਧਾ ਸਿੰਘ ਅਬਲੂ, ਭਾਈ ਵਸਾਖਾ ਸਿੰਘ, ਆਲਾ ਸਿੰਘ ਦਾਲਮ, ਚੇਤ ਸਿੰਘ ਆਸਲਾਂ, ਸੁਹੇਲ ਸਿੰਘ ਬਿਲਗਾ, ਵੀਰ ਸਿੰਘ ਜਹਾਨ ਰਾਮਪੁਰ ਆਦਿ ਅਤੇ ਸਾਰੇ ਹੀ ਪ੍ਰਸਿੱਧ ਸਾਧੂ ਸੰਤ, ਰਾਗੀ ਰਬਾਬੀ, ਜੱਥੇਦਾਰ, ਪਰਚਾਰਕ ਪਹਿਲਾਂ ਬਠਿੰਡੇ ਜੰਕਸ਼ਨ ਤੇ ਪੁੱਜੇ ਅਤੇ ਉੱਥੇ ਜਲ ਪਾਣੀ ਛਕ ਕੇ ਫਿਰ ਇਕ ਸਪੈਸ਼ਲ ਅਨੰਦ ਟਰੇਨ ਤੋਂ ਪੱਕੀ ਦੇ ਰੇਲਵੇ ਸਟੇਸ਼ਨ ਤੇ ਜੋ ਬਹਾਵਲਪੁਰ ਜਾਣ ਵਾਲੀ ਲਾਈਨ ਤੇ ਸੀ ਜਾ ਉੱਤਰੇ, 12 ਪੋਹ ਦੀ ਸ਼ਾਮ ਨੂੰ। ਇੱਥੋਂ ਰਥਾਂ, ਗੱਡੀਆਂ, ਗੱਡਿਆਂ, ਊਠਾਂ, ਘੋੜਿਆਂ ਆਦਿ ਤੇ ਸਵਾਰ ਹੋ ਕੇ ਅਤੇ ਪੈਦਲ ਵੀ ਸੰਗਤ ਗੁਰੂਸਰ ਜਾ ਪੁੱਜੀ। ਪੰਡਾਲ ਸਜੇ ਸਨ, ਪਹਿਲਾਂ ਹੀ ਦੀਵਾਨਾਂ ਦਾ ਪ੍ਰਬੰਧ ਹੋ ਗਿਆ। ਰਾਗੀਆਂ ਨੇ ਕੀਰਤਨ ਕੀਤਾ। ਸਾਰੀ ਰਾਤ ਵੱਖੋ ਵੱਖਰੇ ਜੱਥੇ ਸ਼ਬਦ ਕੀਰਤਨ ਕਰਦੇ ਰਹੇ। ਪਿੰਡ ਵਾਲਿਆਂ ਨੇ ਹੁਣ ਪੈਰ ਪੈਰ ਤੇ ਮਨਛਿਟੀਆਂ ਦੇ ਢੇਰ ਇਕੱਠੇ ਕਰ ਕੇ, ਧੂਣੇ ਲਾ ਦਿੱਤੇ। ਅੱਜ ਮਾਝਾ, ਮਾਲਵਾ, ਦੁਆਬਾ,

ਮੈਨ ਦੁਆਬ, ਸਾਂਦਲ ਬਾਰ, ਨੀਲੀ ਗੰਜੀ ਬਾਰ, ਨੱਕਾ, ਤਪਾ, ਦੜਪ, ਰਿਆੜਕੀ, ਪੋਠੋਹਾਰ, ਬਾਗੜ ਗੱਲ ਕੀ ਸਾਰੇ ਹੀ ਪੰਜਾਬ ਦੇ ਮੁਖੀ ਨਾਮਧਾਰੀ ਆਪਣੇ ਆਪਣੇ ਇਲਾਕੇ ਦੀ ਸੰਗਤ ਸਮੇਤ, ਗੁਰੂਸਰ ਪੁੱਜ ਗਏ ਸਨ। ਸ੍ਰੀ ਸਤਿਗੁਰੂ ਜੀ, ਮਾਤਾ ਜੀਵਨ ਕੌਰ, ਮਾਤਾ ਫ਼ਤਹਿ ਕੌਰ, ਮਹਾਰਾਜ ਨਿਹਾਲ ਸਿੰਘ, ਮਹਾਰਾਜ ਗੁਰਦਿਆਲ ਸਿੰਘ ਸਮੇਤ ਸਾਰਾ ਹੀ ਗੁਰੂ ਪਰਿਵਾਰ ਸੰਗਤ ਵਿੱਚ ਸੁਭਾਇਮਾਨ ਸੀ।

13 ਪੋਹ ਸਵੇਰੇ ਭਾਈ ਕਾਲੂ, ਭਾਈ ਜੈ ਸਿੰਘ ਮੌਲੀ ਧੁਲੇਤਾ, ਭਾਈ ਹਰਨਾਮ ਸਿੰਘ ਚਵਿੰਡਾ ਆਦਿ ਦੇ ਰਾਗੀ ਜੱਥਿਆਂ ਨੇ ਆਸਾ ਦੀ ਵਾਰ ਦਾ ਕੀਰਤਨ ਅਰੰਭ ਕੀਤਾ। ਵਾਰ ਦਾ ਭੋਗ ਪੈਣ ਤੱਕ, ਹਵਨ ਹੋ ਗਿਆ ਸੀ ਅਤੇ ਵੇਦੀ ਗੱਡੀ ਜਾ ਚੁੱਕੀ ਸੀ। ਚੰਡੀ ਦੀ ਵਾਰ ਦਾ ਪਾਠ ਕਰ ਕੇ, ਸਤਿਗੁਰੂ ਪਰਤਾਪ ਸਿੰਘ ਜੀ, ਦਰਬਾਰ ਸਾਹਿਬ ਜੀ ਨੂੰ ਮੱਥਾ ਟੇਕ ਕੇ, ਵੇਦੀ ਪਾਸ ਆਪਣੇ ਆਸਣ ਤੇ ਆ ਸਜੇ। ਬੀਬੀ ਵੀਰੋ ਜੀ ਵੀ ਆਦਿ ਗੁਰੂ ਗਰੰਥ ਸਾਹਿਬ ਨੂੰ ਸੀਸ ਝੁਕਾ ਕੇ, ਸਤਿਗੁਰੂ ਜੀ ਦੇ ਗਲ ਵਿੱਚ ਉੱਨ ਦੀ ਮਾਲਾ ਅਤੇ ਫੁੱਲਾਂ ਦਾ ਹਾਰ ਪਾ, ਮੱਥਾ ਟੇਕ ਕੇ ਬੈਠ ਗਏ। ਇਸ ਅਨੰਦ ਕਾਰਜ ਲਈ ਸਤਿਗੁਰੂ ਪਰਤਾਪ ਸਿੰਘ ਜੀ ਆਦਿ ਗੁਰੂ ਗਰੰਥ ਸਾਹਿਬ ਅਤੇ ਦਸਮ ਗੁਰੂ ਗਰੰਥ ਸਾਹਿਬ ਦੇ ਦੋ ਪਾਠ ਆਪ ਕਰ ਕੇ ਆਏ ਸਨ। ਬੀਬੀ ਵੀਰੋ ਜੀ ਨੇ ਆਦਿ ਗੁਰੂ ਗਰੰਥ ਸਾਹਿਬ ਦਾ ਇੱਕ ਪਾਠ ਖ਼ੁਦ ਕੀਤਾ ਸੀ। ਸੰਤ ਲਛਮਣ ਸਿੰਘ ਜੀ ਜਟਾਣੇ ਵਾਲੇ ਅਤੇ ਬਾਬਾ ਬਦਨ ਸਿੰਘ ਚੜਿੱਕ ਨੇ ਜੋੜੀ ਨੂੰ ਅੰਮ੍ਰਿਤ ਛਕਾਇਆ। ਲਾਵਾਂ ਦੇ ਪਾਠ ਅਤੇ ਵੇਦੀ ਹੇਠ ਹਵਨ ਗਿਰਦੇ ਚਾਰ ਫੇਰਿਆਂ ਨਾਲ ਅਨੰਦ ਕਾਰਜ ਸੰਪੰਨ ਹੋਇਆ। ਰਾਗੀ ਹਰਨਾਮ ਸਿੰਘ ਹੋਰਾਂ ਮੰਗਲਾਚਾਰ ਦੇ ਸ਼ਬਦ ਪੜ੍ਹੇ। ਅਰਦਾਸ ਉਪਰੰਤ ਕੜਾਹ ਪਰਸ਼ਾਦ ਦੇ ਖੁੱਲ੍ਹੇ ਗੱਫੇ ਵਰਤੇ। ਜਲ ਪਾਣੀ, ਪਰਸ਼ਾਦਾ ਪਾਣੀ ਛਕਣ ਬਾਅਦ ਫਿਰ ਸੰਗਤਾਂ ਨੇ ਪੱਕੀ ਤੋਂ ਉਹੋ ਗੱਡੀ ਫੜੀ। ਬਠਿੰਡੇ ਅਤੇ ਅਗਲੇ ਦਿਨ 14 ਪੋਹ ਸੂਰਜ ਉਗਦੇ ਨਾਲ ਲੁਧਿਆਣੇ। ਉੱਥੋਂ ਟਾਂਗਿਆਂ ਅਤੇ ਹੋਰ ਸਵਾਰੀਆਂ ਤੇ 9-10 ਵੱਜਦੇ ਨੂੰ ਸ੍ਰੀ ਭੈਣੀ ਸਾਹਿਬ ਪੁੱਜ ਗਏ।

ਮਾਤਾ ਜੀਵਨ ਕੌਰ ਜੀ ਦੇ ਕਹਿਣ ਤੇ ਸੰਤ ਲਛਮਣ ਸਿੰਘ ਜਟਾਣੇ ਵਾਲਿਆਂ ਨੇ ਗੱਦੀ ਸਾਹਿਬ ਵਾਲੇ ਚੁਬਾਰੇ ਵਿੱਚ ਜਦੋਂ ਸਤਿਗੁਰੂ ਜੀ ਅਤੇ ਮਾਤਾ ਵੀਰ ਕੌਰ ਜੀ ਨੇ ਪ੍ਰਕਾਸ਼ ਹੋਏ ਆਦਿ ਗੁਰੂ ਗਰੰਥ ਸਾਹਿਬ ਨੂੰ ਮੱਥਾ ਟੇਕਿਆ ਤਾਂ ਇਹ ਵਾਕ ਆਇਆ-

ਨਿਜ ਭਗਤੀ ਸੀਲਵੰਤੀ ਨਾਰਿ॥
ਰੂਪਿ ਅਨੂਪ ਪੂਰੀ ਆਚਾਰਿ॥
ਜਿਤੁ ਗ੍ਰਿਹਿ ਵਸੈ ਸੋ ਗ੍ਰਿਹੁ ਸੋਭਾਵੰਤਾ॥
ਗੁਰਮੁਖਿ ਪਾਈ ਕਿਨੈ ਵਿਰਲੈ ਜੰਤਾ॥੧॥

"ਇਸ ਸ਼ਬਦ ਦਾ ਪਹਿਲਾ ਨਿਜ ਪਦ ਸੰਤ ਜੀ ਨੇ ਆਪ ਪ੍ਰਮੇਸ਼ਰ ਰੂਪ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਜੋਗ ਜਾਣਿਆ। ਅਤੇ ਭਗਤੀ ਰੂਪ, ਸ਼ਕਤੀ ਅਵਤਾਰ ਮਾਤਾ ਵੀਰੋ ਜੀ ਨੂੰ ਮੰਨ ਕੇ ਭੱਬੇ ਦੇ ਅੱਖਰ ਤੋਂ ਭੁਪਿੰਦਰ ਕੌਰ ਨਾਮ ਰੱਖਿਆ।"[10] ਯਾਦ ਰਹੇ ਕਿ ਮਹਾਰਾਜ ਨਿਹਾਲ ਸਿੰਘ ਜੀ ਦਾ ਅਨੰਦ ਕਾਰਜ ਇਸੇ ਸਾਲ ਅੱਸੂ ਦੇ ਮਹੀਨੇ, ਲਾਹੌਰ ਬਾਬਾ ਧਿਆਨ ਸਿੰਘ ਪੱਥਰਾਂ ਵਾਲਿਆਂ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਜੀ ਨਾਲ ਹੋਇਆ ਸੀ। ਬੀਬੀ ਸਤਵੰਤ ਕੌਰ ਵੀ ਇਸ ਅਨੰਦ ਕਾਰਜ ਵਿੱਚ ਸ਼ਾਮਲ ਹੋਏ।

ਇਸ ਅਨੰਦ ਕਾਰਜ ਸਮੇਂ ਸਤਿਗੁਰੂ ਜੀ ਪੰਝੀਵੇਂ ਅਤੇ ਮਾਤਾ ਜੀ ਸੋਲ੍ਹਵੇਂ ਵਰ੍ਹੇ ਵਿੱਚ ਸਨ। ਸਤਿਗੁਰੂ ਜੀ ਦਾ ਡੇਰਾ ਤਾਂ ਬਾਗ ਵਾਲੀ ਕੋਠੀ ਵਿੱਚ ਸੀ ਜਿਸ ਏਰੀਏ ਨੂੰ ਰਾਮਸਰ ਵੀ ਆਖਦੇ ਸਨ। ਮਾਤਾ ਜੀ ਨੇ ਆਪਣਾ ਨਿਵਾਸ ਲੋਹ ਲੰਗਰ ਦੇ ਸਾਂਹਵੇਂ ਮੰਦਰਾਂ ਵਿੱਚ ਮਾਤਾ ਜੀਵਨ ਕੌਰ-ਫਤਿਹ ਕੌਰ ਜੀ ਪਾਸ ਕਰ ਲਿਆ। ਗੱਦੀ ਸਾਹਿਬ ਵਾਲੇ ਚੁਬਾਰੇ ਦੇ ਸਾਂਹਵੇਂ ਉਸ ਤੋਂ ਕੁਝ ਨੀਵਾਂ ਇਕ ਚੁਬਾਰਾ ਸੀ ਜਿਸਨੂੰ ਜਾਮਨੂੰ ਦੇ ਰੁੱਖ ਲਾਗੇ ਹੋਣ ਕਾਰਨ, ਜਾਮਨੂੰ ਵਾਲਾ ਚੁਬਾਰਾ ਕਿਹਾ ਜਾਂਦਾ ਸੀ, ਮਾਤਾ ਜੀ ਦਾ ਫਿਰ ਪੱਕਾ ਨਿਵਾਸ ਅਸਥਾਨ ਉਹ ਚੁਬਾਰਾ ਹੋ ਗਿਆ। ਲਗਾਤਾਰ ਚਾਰ ਮਹੀਨੇ ਅਨੰਦ ਤੋਂ ਬਾਅਦ ਆਪ ਸ੍ਰੀ ਭੈਣੀ ਸਾਹਿਬ ਹੀ ਰਹੇ ਅਤੇ ਮਾਤਾ ਜੀਵਨ ਕੌਰ ਜੀ ਪਾਸੋਂ ਸੋਧ ਮਰਿਆਦਾ ਦੀਆਂ ਬਾਰੀਕੀਆਂ ਅਤੇ ਸਾਧ ਸੰਗਤ ਵਿੱਚ ਵਿਚਰਨ ਬਾਰੇ ਹੋਰ ਬਹੁਤ ਸਾਰੀਆਂ ਸ਼ੁਭ ਸਿੱਖਿਆਵਾਂ ਹਾਸਲ ਕੀਤੀਆਂ। ਚਾਰ ਮਹੀਨਿਆਂ ਬਾਅਦ ਜਦੋਂ ਮਾਤਾ ਜੀ ਪੇਕੇ ਪਿੰਡ ਗੁਰੂਸਰ ਗਏ, ਸਾਰੇ ਵੱਡਿਆਂ ਛੋਟਿਆਂ ਨੂੰ ਮਿਲੇ ਤਾਂ ਹੁਣ ਤਾਏ ਸੱਦਾ ਸਿੰਘ ਨੇ ਵੀ ਲੱਜੋਂ ਕੁਲੱਜੋਂ ਉਹਨਾਂ ਦੇ ਸਿਰ ਤੇ ਹੱਥ ਫੇਰ ਦਿੱਤਾ ਸੀ।[11]

1915 ਈ. ਦਾ ਨਾਮਧਾਰੀ ਪੰਥ ਦਾ ਸਾਲਾਨਾ ਹੋਲਾ ਮਹੱਲਾ ਨਾਮੀ ਪਹਿਲਵਾਨ ਫ਼ਤਹਿ ਸਿੰਘ ਜੋ ਨਾਮਧਾਰੀ ਸੱਜ ਚੁੱਕਾ ਸੀ ਦੇ ਪਿੰਡ ਵਲਟੋਹੇ ਵਿਖੇ ਸੀ। ਇਸ ਹੋਲੇ ਮਹੱਲੇ ਵਿੱਚ ਮਾਤਾ ਜੀਵਨ ਕੌਰ ਜੀ, ਬੀਬੀ ਸਤਵੰਤ ਕੌਰ ਹੋਰਾਂ ਦੇ ਨਾਲ ਮਾਤਾ ਭੁਪਿੰਦਰ ਕੌਰ ਜੀ ਵੀ ਪਹਿਲੀ ਵੇਰ ਸਾਧ ਸੰਗਤ ਦੇ ਕਿਸੇ ਵੱਡੇ ਇਕੱਠ ਵਿੱਚ ਸ਼ਾਮਲ ਹੋਏ। ਡੇਰੇ ਵਿੱਚ ਸੇਵਾ ਕਰਨ ਆਏ ਚੁੰਨ੍ਹੀ (ਅੰਬਾਲਾ, ਹੁਣ ਮੋਹਾਲੀ) ਦੇ ਕੁਝ ਸਿੰਘਾਂ ਦੀ ਨਰਾਜ਼ਗੀ ਭਾਂਪਦਿਆਂ, ਸਤਿਗੁਰੂ ਪਰਤਾਪ ਸਿੰਘ ਜੀ ਨੇ ਕਾਰਨ ਜਾਨਣਾ ਚਾਹਿਆ। ਉਹਨਾਂ ਕਿਹਾ, "ਜੀ ਸਾਨੂੰ ਮਹਾਰਾਜ ਨਿਹਾਲ ਸਿੰਘ ਜੀ, ਆਪ ਦੇ ਅਨੰਦ ਕਾਰਜ ਸਮੇਂ, ਗੁਰੂਸਰ ਨਹੀਂ ਲੈ ਕੇ ਗਏ। ਸਾਡੀ ਨਰਾਜ਼ਗੀ ਤਾਂ ਦੂਰ ਹੁੰਦੀ ਹੈ

ਜੇ ਆਪ ਜੀ ਮਾਤਾ ਭੁਪਿੰਦਰ ਕੌਰ ਜੀ ਸਮੇਤ ਅੰਬਾਂ ਦੇ ਮੌਸਮ ਵਿੱਚ, ਘੱਟੋ ਘੱਟ ਪੰਦਰਾਂ ਦਿਨ ਦਰਸ਼ਨ ਦਿਉ।" ਉਹਨਾਂ ਦੀ ਬੇਨਤੀ ਪ੍ਰਵਾਨ ਹੋਈ ਤੇ ਸਿੱਖ ਸੰਗਤਾਂ ਸਮੇਤ ਗੱਡਿਆਂ, ਊਠਾਂ, ਘੋੜਿਆਂ ਆਦਿ ਤੇ ਸ੍ਰੀ ਭੈਣੀ ਸਾਹਿਬੋਂ ਦੌਰਾ ਸ਼ੁਰੂ ਕਰ ਦਿੱਤਾ। ਲੱਲਾਂ, ਲਖਣਪੁਰ, ਕਕਰਾਲੇ, ਡਹਿਰ, ਮੁੰਡੀਆਂ, ਬਾਗਾਂ ਵਾਲਾ, ਮੋਰਿੰਡਾ ਆਦਿ ਵਿੱਚ ਪੜਾਅ ਕਰਦੇ ਚੁੰਨ੍ਹੀ ਦੇ ਪ੍ਰਸਿੱਧ ਕੂਕਾ ਸਾਧੂ, ਬਾਬਾ ਵੀਰ ਸਿੰਘ ਹੋਰਾਂ ਦੇ ਡੇਰੇ ਤੇ ਸਤਿਗੁਰੂ ਜੀ ਨੇ ਜਾ ਦਰਸ਼ਨ ਦਿੱਤੇ। ਬਾਬਾ ਜੀ ਦੀ ਬੇਨਤੀ ਸੀ ਕਿ ਮਾਤਾ ਭੁਪਿੰਦਰ ਕੌਰ ਜੀ ਨੂੰ ਵੀ ਜ਼ਰੂਰ ਲੈ ਕੇ ਆਇਉ। ਵੱਡੀ ਛੋਟੀ ਚੁੰਨ੍ਹੀ ਵਿੱਚ ਸਤਿਗੁਰੂ ਜੀ ਨੇ ਸੱਤ ਦਿਨ ਦਰਸ਼ਨ ਦਿੱਤੇ ਸਨ। ਚੁੰਨ੍ਹੀ ਤੋਂ ਸਤਿਗੁਰੂ ਜੀ ਦਾ ਦੌਰਾ ਮਹੰਤ ਕੌਲਾ ਸਿੰਘ ਦੇ ਪਿੰਡ ਮੌਲੀ ਦਰਾਲੀ ਪੁੱਜਾ। ਇੱਥੋਂ ਮਾਤਾ ਜੀਵਨ ਕੌਰ ਅਤੇ ਮਾਤਾ ਭੁਪਿੰਦਰ ਕੌਰ ਜੀ ਤਾਂ ਭੈਣੀ ਸਾਹਿਬ ਵਾਪਸ ਮੁੜ ਆਈਆਂ ਪਰ ਸਤਿਗੁਰੂ ਜੀ ਅੰਬਾਲੇ ਵੱਲ ਦੌਰਾ ਕਰਦੇ ਰਹੇ ਅਤੇ 10 ਭਾਦਰੋਂ ਨੂੰ ਵਾਪਸ ਭੈਣੀ ਸਾਹਿਬ ਆਏ।[12]

ਸ੍ਰੀ ਭੈਣੀ ਸਾਹਿਬ ਰਹਿੰਦਿਆਂ ਮਾਤਾ ਭੁਪਿੰਦਰ ਕੌਰ ਜੀ ਕਦੇ ਵੀ ਵਿਹਲੇ ਨਹੀਂ ਬੈਠਦੇ ਸਨ। ਬੇਸ਼ਕ ਭੈਣੀ ਸਾਹਿਬ ਦੇ ਇਕ ਡੇਰਾ ਪ੍ਰਬੰਧਕ ਮਸਤਾਨ ਸਿੰਘ ਕਿਆਮਪੁਰ (ਸਿਆਲਕੋਟ) ਵਾਲਿਆਂ ਦੀ ਮਾਤਾ ਖੇਮ ਕੌਰ ਅਤੇ ਵਰਨਾਂ ਦੀ ਇਕ ਬੀਬੀ ਦਿਆਲਾਂ ਆਪ ਦੀ ਸੇਵਾ ਵਿੱਚ ਹੁੰਦੀਆਂ ਸਨ ਪਰ ਆਪ ਸਵੇਰੇ ਅੰਮ੍ਰਿਤ ਵੇਲੇ ਉੱਠ ਕੇ ਪੰਜ ਗ੍ਰੰਥੀ ਪੋਥੀ ਦੀਆਂ ਸਾਰੀਆਂ ਬਾਣੀਆਂ ਦਾ ਪਾਠ ਕਰਦੇ, ਫਿਰ ਲੰਗਰ ਵਿੱਚ ਬਰਤਨ ਸਾਫ ਕਰਦੇ ਅਤੇ ਹੋਰ ਬਹੁਕਰ ਬੁਹਾਰੀ ਦੀ ਸੇਵਾ ਵੀ ਨਿਰਸੰਕੋਚ ਹੋ ਕੇ ਕਰਿਆ ਕਰਦੇ ਸਨ। ਆਪ ਜੀ ਦੇ ਉਦਾਰ ਸੁਭਾਉ ਦੀ ਇਕ ਪ੍ਰਸਿੱਧ ਵਾਰਤਾ ਉਹਨਾਂ ਦੇ ਭਾਈ ਸ੍ਰ. ਨਾਹਰ ਸਿੰਘ ਦੇ ਪੁੱਤਰ (ਪੰਡਿਤ) ਰਜਿੰਦਰ ਸਿੰਘ ਗੁਰੂਸਰ ਦੇ ਸ਼ਬਦਾਂ ਵਿੱਚ ਪੜ੍ਹਾਂਗੇ।

"ਐਤਕੀਂ (1915 ਈ.) ਸਤਿਗੁਰੂ ਜੀ ਨੇ ਚਾਲੀਹਾ ਨਹਿਰ ਉੱਤੇ ਕਰਨ ਦਾ ਮਨ ਬਣਾ ਲਿਆ।(ਚਾਲੀਹਾ 11 ਭਾਦਰੋਂ ਤੋਂ 20 ਅੱਸੂ ਤੱਕ ਦੇ ਚਾਲੀ ਦਿਨ ਨਹਿਰ ਉੱਤੇ ਨਾਮ ਸਿਮਰਨ ਕਥਾ ਕੀਰਤਨ ਕਰਦਿਆਂ ਬਤੀਤ ਹੁੰਦੇ)। ਸਾਰੀ ਸੰਤ ਮੰਡਲੀ, ਲਾਂਗਰੀ ਤੇ ਹੋਰ ਵਿੱਦਿਆਧਰ ਸਭ ਨਹਿਰ ਉੱਤੇ ਹੀ ਕੱਖਾਂ ਦੀਆਂ ਕੁੱਲੀਆਂ ਬਣਾ ਕੇ ਤਪ ਸਾਧਨਾ ਅਤੇ ਕਥਾ ਕੀਰਤਨ ਵਿੱਚ ਲੀਨ ਹੋ ਗਏ।

"ਮਾਤਾ ਭੁਪਿੰਦਰ ਕੌਰ ਜੀ ਦਾ ਡੇਰਾ ਵੀ ਨਹਿਰ ਉੱਤੇ ਚਲਾ ਗਿਆ। ਏਥੇ ਇੱਕ ਮਕਾਨ ਵੀ ਬਣ ਗਿਆ ਜਿਸ ਦੇ ਉੱਤੇ ਚੁਬਾਰਾ ਸੀ ਛੋਟਾ ਜਿਹਾ। ਭੂਆ ਜੀ (ਮਾਤਾ ਭੁਪਿੰਦਰ ਕੌਰ) ਦਾ ਡੇਰਾ ਚੁਬਾਰੇ ਉੱਤੇ ਲੱਗ ਗਿਆ।

"ਭੂਆ ਜੀ ਨੇ ਸਤਿਗੁਰੂ ਜੀ ਅੱਗੇ ਅਰਜ਼ ਕੀਤੀ ਕਿ ਮੈਂ ਵੀ ਆਪ ਜੀ ਦੇ ਇਸ ਜਪ-ਪ੍ਰਯੋਗ ਵਿੱਚ ਸ਼ਾਮਲ ਹੋਣਾ ਚਾਹੁੰਦੀ ਹਾਂ। ਸਤਿਗੁਰੂ ਜੀ ਇਹ ਅਰਜ਼ ਸੁਣ ਕੇ ਬਹੁਤ ਪ੍ਰਸੰਨ ਹੋਏ। ਅਤੇ ਸੰਖੇਪ ਵਿੱਚ ਸਾਰੀ ਪ੍ਰਕਿਰਿਆ ਨਿਤਨੇਮ ਦੀ ਸਮਝਾ ਦਿੱਤੀ।"

"ਇਸ ਤਰ੍ਹਾਂ ਇਕ ਬੀਬੀਆਂ ਦਾ ਜੱਥਾ ਵੀ ਪਹਿਲੀ ਵਾਰ ਜਪ ਪ੍ਰਯੋਗ ਵਿੱਚ ਸ਼ਾਮਲ ਹੋ ਗਿਆ।

"ਸੰਤ ਤਰਨ ਸਿੰਘ ਜੀ ਵਹਿਮੀ ਲਿਖਦੇ ਹਨ। ਮਾਤਾ ਭੁਪਿੰਦਰ ਕੌਰ ਜੀ ਦਾ ਇਹ ਵੱਡਾ ਪਰਉਪਕਾਰ ਸੀ ਮਾਈਆਂ ਉੱਤੇ, ਜਪ-ਤਪ, ਵਰਨੀਆਂ ਅਤੇ ਪਾਠਾਂ ਵਿੱਚ ਹਿੱਸਾ ਪਾਉਣ ਦਾ। ਇਸ ਉਪਕਾਰ ਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ ਮਾਈਆਂ ਨੂੰ। ਨਹੀਂ ਤੋਂ ਪਹਿਲੋਂ ਸਾਰੇ ਸਮਿਆਂ ਵਿੱਚ ਹਟੋ-ਹਟੋ, ਦੂਰ-ਦੂਰ ਦੀਆਂ ਅਵਾਜ਼ਾਂ ਹੀ ਆਉਂਦੀਆਂ ਸਨ ਬੀਬੀਆਂ ਵਾਸਤੇ।" (ਜਪ ਪ੍ਰਯੋਗ) ਦੇ "ਭੋਗ ਪਿੱਛੋਂ ਸਤਿਗੁਰੂ ਜੀ ਕੁਝ ਦਿਨਾਂ ਵਾਸਤੇ ਬਾਹਰ ਚਲੇ ਗਏ। ਬਹੁਤ ਸਾਰੇ ਦੂਰੋਂ ਆਏ ਸੰਤਾਂ ਦੇ ਜੱਥੇ ਵੀ ਵਤਨਾਂ ਨੂੰ ਤੁਰ ਗਏ, ਪਿੱਛੋਂ ਰਹਿ ਗਏ ਸਨ, ਸੰਤ ਮੋਹਨ ਸਿੰਘ ਜੀ ਜੌਹਲਾਂ ਦੇ ਵਡਾਲੇ (ਅੰਮ੍ਰਿਤਸਰ) ਵਾਲੇ ਆਪਣੇ ਜੱਥੇ ਸਮੇਤ। ਤੇ ਬਾਕੀ ਦੀ ਸੰਗਤ ਭੈਣੀ ਸਾਹਿਬ ਦੀ ਅਤੇ ਮਾਤਾ ਭੁਪਿੰਦਰ ਕੌਰ ਜੀ।'

"ਸੰਤ ਮੋਹਨ ਸਿੰਘ ਜੀ ਜਿੰਨ੍ਹਾਂ ਨੇ ਇਹਨਾਂ ਦੇ ਦਰਸ਼ਨ ਤੇ ਸ਼ਬਦਾਂ ਦਾ ਅਨੰਦ ਮਾਣਿਆ ਹੈ, ਉਹ ਕਹਿੰਦੇ ਹਨ, ਏਨਾ ਮਿੱਠਾ ਤੇ ਰਸੀਲਾ ਕੀਰਤਨ, ਹੋਰ ਕਿਸੇ ਜੱਥੇਦਾਰ ਦਾ ਨਹੀਂ ਸੁਣਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਹ ਉਸ ਵੇਲੇ ਸਭ ਤੋਂ ਪਿਆਰੇ ਦੋਸਤ ਸੰਤ ਸਨ। ਦੋਵੇਂ ਹੀ ਇਕ ਦੂਸਰੇ ਤੋਂ ਬਿਨਾਂ ਰਹਿ ਨਹੀਂ ਸੀ ਸਕਦੇ। ਜਾਂ ਸਤਿਗੁਰੂ ਜੀ ਇਹਨਾਂ ਕੋਲ, ਜਾਂ ਸੰਤ ਜੀ ਸਤਿਗੁਰੂ ਜੀ ਕੋਲ, ਇਹੋ ਰੀਤ ਰਹੀ ਜਿੰਨਾ ਚਿਰ ਸੰਤ ਜਿਊਂਦੇ ਰਹੇ।

"ਸ੍ਰੀ ਭੈਣੀ ਸਾਹਿਬ ਉਸ ਵੇਲੇ ਦੋ ਹਕੂਮਤਾਂ ਚੱਲ ਰਹੀਆਂ ਸਨ। ਗੁਰਦੁਆਰਾ ਮਾਤਾ ਜੀਵਨ ਕੌਰ ਜੀ ਕੋਲ ਤੇ ਰਾਮਸਰ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ। ਇਹ ਸਭ ਕੁੱਝ ਚੁੱਪ ਚੁਪੀਤੇ ਚੱਲ ਰਿਹਾ ਸੀ। ਨਹਿਰ (ਸਰਹਿੰਦ ਵਾਲਾ ਡੇਰਾ, ਨੀਲੋ ਪੁਲ ਤੋਂ ਉੱਪਰ) ਦਾ ਖਰਚਾ, ਸਤਿਗੁਰੂ ਜੀ ਦੇ ਹੀ ਜ਼ਿੰਮੇ ਸੀ। ਭੈਣੀ ਸਾਹਿਬ ਤੋਂ ਨਾ ਮਦਦ ਮੰਗੀ ਜਾਂਦੀ ਸੀ ਤੇ ਨਾ ਹੀ ਦਿੱਤੀ ਜਾਂਦੀ ਸੀ। ਨਹਿਰ ਉੱਤੇ ਰਸਦ ਦਾ ਭੋਗ ਪੈ ਚੁੱਕਾ ਸੀ। ਪ੍ਰਾਤਾਂ ਧੋ ਕੇ ਸਾਧ ਸੰਗਤ ਨੇ ਛਕ ਲਈਆਂ ਸਨ। ਨਾ ਆਟਾ, ਦਾਲਾਂ ਤੇ ਘੀ ਤੇ ਨਾ ਹੀ ਸਰਦਾਈ ਪਾਣੀ ਵਾਸਤੇ ਖੰਡ ਬਦਾਮ, ਜੋ ਉਸ ਸਮੇਂ ਦਾ ਸਭ ਤੋਂ ਪਿਆਰਾ ਆਹਾਰ ਸੀ। ਦੇਗ, ਭਾਂਡੇ ਧੋ ਸਵਾਰ ਮੂਧੇ ਮਾਰ, ਸੰਤ ਮੋਹਨ ਸਿੰਘ ਜੀ ਨੇ ਜਾ

ਪੁਕਾਰ ਕੀਤੀ–

"ਮਾਤਾ ਜੀ ਸਭ ਰਸਦ ਪਾਣੀ ਦਾ ਭੋਗ ਪੈ ਚੁੱਕਾ ਹੈ, ਹੁਣ ਕੀ ਹੁਕਮ ਹੈ ! ਸੰਗਤ ਹੁਣ ਨਿਰੋਲ ਹਵਾ ਦੇ ਆਸਰੇ ਹੈ।

"ਮਾਤਾ ਭੁਪਿੰਦਰ ਕੌਰ ਜੀ ਨੇ ਮਿੰਟ ਕੁ ਸੋਚਿਆ ਤੇ ਕਿਹਾ– ਕੋਈ ਗੱਲ ਨਹੀਂ ਸਤਿਗੁਰੂ ਭਲੀ ਕਰਨਗੇ।

ਮਾਤਾ ਜੀ ਨੇ ਟਰੰਕ ਫੋਲੇ ਜਿਹਨਾਂ ਵਿੱਚੋਂ ਇਕ ਮੁੰਦਰੀ ਲੱਭ ਪਈ। ਇਹ ਪਤਾ ਨਹੀਂ ਸਹੁਰਿਆਂ ਦੀ ਸੀ ਜਾਂ ਪੇਕਿਆਂ ਦੀ। ਪਰ ਸਾਂਭ ਰੱਖੀ ਸੀ ਮਾਤਾ ਜੀ ਨੇ ਇਕ ਨਿਸ਼ਾਨੀ ਵਜੋਂ। ਕਿਤੇ ਪਿਆਰ ਵੱਸ ਸਤਿਗੁਰੂ ਜੀ ਨੇ ਤਾਂ ਨਹੀਂ ਸੀ ਪਹਿਨਾ ਦਿੱਤੀ ਮੁੰਦਰੀ ?"

"ਕਿਉਂਕਿ ਉਸ ਵੇਲੇ ਸਤਿਗੁਰੂ ਜੀ ਅੱਜ ਜਿਤਨੇ ਕਰੜੇ ਬੰਧਨ ਵਿੱਚ ਨਹੀਂ ਸਨ। ਉਸ ਵੇਲੇ ਦੇ ਕੀਮਤੀ ਚੋਗੇ ਅੱਜ ਵੀ ਨਿਸ਼ਾਨੀ ਵਜੋਂ ਕਈਆਂ ਕੋਲ ਹਨ। ਅੱਜ ਮਾਤਾ ਜੀ ਨੇ ਮੁੰਦਰੀ ਸੰਤਾਂ ਨੂੰ ਦੇ ਕੇ ਕਿਹਾ– ਅਜੇ ਕੁਝ ਦਿਨ ਕੰਮ ਚਲਾਉ, ਫਿਰ ਹੋਰ ਵੇਖੀ ਜਾਵੇਗੀ।"

"ਰਸਦਾਂ ਆ ਗਈਆਂ। ਲਹਿਰ ਬਹਿਰ ਹੋ ਗਈ। ਦੂਸਰੇ ਦਿਨ ਸਤਿਗੁਰੂ ਜੀ ਵੀ ਆ ਗਏ। ਅਤੇ ਆਉਣ ਸਾਰ ਪੁੱਛਿਆ– ਲੰਗਰ ਦਾ ਕੀ ਬਣਿਐ ? ਮੈਂ ਤਾਂ ਜਾਣ ਲੱਗਾ ਭੁੱਲ ਹੀ ਗਿਆ ਸਾਂ, ਹੁਣ ਯਾਦ ਆਇਆ ਹੈ ਕਿ ਰਸਦ ਬਹੁਤ ਥੋਹੜੀ ਸੀ।"

"ਸੰਤਾਂ ਸਾਰੀ ਵਿਥਿਆ ਸੁਣਾ ਦਿੱਤੀ। ਮਾਤਾ ਜੀ ਦੇ ਤਿਆਗ ਦੀ।"

"ਸਤਿਗੁਰੂ ਜੀ ਕਿਹਾ– ਮੈਨੂੰ ਉਸ ਤੋਂ ਇਹੋ ਉਮੈਦ ਸੀ। ਬਹੁਤ ਚੰਗਾ ਹੋਇਆ, ਲੰਗਰ ਚਾਲੂ ਰਿਹਾ। ਮੈਂ ਦੱਸ ਨਹੀਂ ਸਕਦਾ ਅੱਜ ਕਿੰਨਾਂ ਖੁਸ਼ ਹਾਂ ਭੁਪਿੰਦਰ ਕੌਰ ਉੱਤੇ। ਅੱਜ ਉਹ ਇਮਤਿਹਾਨ ਵਿੱਚ ਖਰੀ ਉਤਰੀ ਹੈ। ਗੁਰੂ ਘਰ ਦੀ ਮਰਿਆਦਾ ਮੁਤਾਬਿਕ ਮੈਨੂੰ ਇਹੋ ਉਮੈਦ ਸੀ ਉਸ ਤੋਂ।"[13]

ਉਪਰ ਵਰਣਿਤ ਜਪ ਪ੍ਰਯੋਗ ਵਿੱਚ ਮਾਤਾ ਜੀ ਮਾਈਆਂ ਦਾ ਜੱਥਾ ਲੈ ਕੇ, ਨਾਮ ਸਿਮਰਨ ਕਰਦੇ ਰਹੇ ਸਨ. ਲਾਹੌਰ ਬਾਬਾ ਧਿਆਨ ਸਿੰਘ ਪੱਥਰਾਂ ਵਾਲਿਆਂ ਦੇ ਘਰ ਬਣੀ ਧਰਮਸ਼ਾਲਾ ਵਿੱਚ ਸਾਧ ਸੰਗਤ ਤੋਂ ਪਾਠ ਅਤੇ ਅਖੰਡ ਪਾਠ ਕਰਵਾਏ। ਗੁਜਰਾਂਵਾਲੇ ਦੀ ਨਾਮਧਾਰੀ ਧਰਮਸ਼ਾਲਾ ਵਿੱਚ ਵੀ ਪਾਠਾਂ ਦੇ ਪ੍ਰਵਾਹ ਆਪ ਜੀ ਨੇ ਚਲਵਾਏ।[14]

ਆਪ ਗੁਰਦੁਆਰੇ ਵਿੱਚ ਸਾਰਾ ਸਮਾਂ ਜੋ ਸੇਵਾ ਸਿਮਰਨ ਤੋਂ ਬਚਦਾ, ਗੁਰਬਾਣੀ ਪਾਠ ਵਿੱਚ ਬਤੀਤ ਕਰਦੇ ਸਨ। ਗੁਰਬਾਣੀ ਨਾਲ ਪਿਆਰ ਦਾ ਸਬੂਤ ਉਹ ਪੱਤਰ ਹੈ ਜੋ ਆਪ ਨੇ ਸ੍ਰੀ ਭੈਣੀ ਸਾਹਿਬ ਤੋਂ ਆਪਣੇ ਭਾਈ ਨਾਹਰ ਸਿੰਘ ਦੇ ਘਰ ਲੜਕਾ ਪੈਦਾ ਹੋਣ ਦੇ ਸਮੇਂ ਲਿਖਿਆ ਸੀ ਜਿਸ ਵਿੱਚ ਉਹ ਮਾਤਾ ਰਾਮ ਕੌਰ ਜੀ ਦੇ ਭੈਣੀ ਸਾਹਿਬ ਰਹਿਣ ਦਾ ਜ਼ਿਕਰ ਵੀ ਕਰਦੇ ਹਨ–

ੴ ਸਤਿਗੁਰ ਪ੍ਰਸਾਦਿ

ਜੋਗ ਸ੍ਰੀਮਾਨ ਭਾਈ ਸਾਹਿਬ ਨਾਹਰ ਸਿੰਘ ਜੀ ਸਤਿ ਸ੍ਰੀ ਅਕਾਲ ਬੁਲਾਈ ਵਾਚਣੀ। ਐਥੇ ਸੁੱਖ ਹੈ ਆਪ ਕੋ ਸਤਿਗੁਰ ਸੁੱਖੀ ਵਸਾਏ ਅਗੇ ਏ ਹਾਲ ਹੈ ਮਾਤਾ ਹੋਰੀ ਰਹਿ ਪਏ ਮੇਰੇ ਰੱਖੇ ਹੋਏ। ਆਪ ਫਿਕਰ ਨਾ ਕਰਨਾ। ਚਿੱਠੀ ਉੱਤਮ ਕੌਰ ਨੂੰ ਪਾ ਦਿੱਤੀ ਸੀ, ਵਧਾਈ ਆਪ ਨੂੰ ਹੋਵੇ ਕਾਕੇ ਦੀ। ਭਰਾ ਮੀਹਾਂ ਸਿੰਘ ਹੋਰਾਂ ਕੇ ਵਧਾਈ ਮੇਰੀ ਤਰਫ ਸੋ ਹੋਵੇ। ਨਾਮ ਜਪੋ, ਸੁਖੀ ਵਸੋ ਤਿੰਨੇ ਭਰਾ। ਪੰਜ ਪਾਠ ਜਪੁਜੀ ਸਾਹਿਬ ਦੇ ਰੋਜ ਕਰੋ। ਪੰਜ ਚੌਪਈਆਂ ਕਰਿਆ ਕਰੋ ਸੁੱਖ ਹੋਗਾ।

ਸਤਿ ਸ੍ਰੀ ਅਕਾਲ।"[15]

ਸੰਤ ਉੱਤਮ ਸਿੰਘ 'ਗੁਰ ਪੀਰ' ਕਾਲੋਕੇ (ਸ਼ੇਖ਼ੂਪੁਰਾ) ਦੇ ਸੰਤ ਆਲਾ ਸਿੰਘ ਜੀ ਦੇ ਜੱਥੇ ਵਿੱਚ ਆਪਣੀ ਭੈਣ ਬੀਬੀ ਈਸ਼ਰ ਕੌਰ ਸਮੇਤ ਰਹਿੰਦੇ ਸਨ। ਸਤਿਗੁਰੂ ਜੀ ਦੇ ਹੁਕਮ ਨਾਲ ਸੰਤ ਆਲਾ ਸਿੰਘ ਅਤੇ ਉੱਤਮ ਸਿੰਘ ਭੈਣੀ ਸਾਹਿਬ ਆ ਗਏ, ਨਾਲ ਬੀਬੀ ਈਸ਼ਰ ਕੌਰ ਵੀ। ਇਹ ਬੀਬੀ ਈਸ਼ਰ ਕੌਰ ਵੀ ਬੇਬੇ ਦਿਆਲਾਂ ਪਤਨੀ ਵਰਨਾਂ ਦੇ ਖਰਾਸੀਏ ਸੰਤ ਲਹਿਣਾ ਸਿੰਘ ਦੀ, ਉਸ ਦੀ ਨੂੰਹ ਗੁਰਦੇਈ ਸਮੇਤ, ਮਾਤਾ ਭੁਪਿੰਦਰ ਕੌਰ ਜੀ ਦੀ ਸੇਵਾ ਵਿੱਚ ਰਹਿੰਦੀਆਂ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਦੋਹਤੇ ਬਾਬਾ ਸੂਰਤ ਸਿੰਘ ਦੀ ਪਤਨੀ ਬਿਸ਼ਨ ਕੌਰ, ਡੇਰੇ ਤੋਂ ਬੀਬੀ ਆਤੀ, ਸੁਖੀ ਅਤੇ ਗੁਆਂਢੋਂ ਬੀਬੀ ਗੁਰਦਿੱਤੀ, ਇਹ ਮਾਈਆਂ ਰਲ ਕੇ ਮਾਤਾ ਜੀ ਨਾਲ ਸਿਆਲ ਦੀਆਂ ਰਾਤਾਂ ਵਿੱਚ ਤਰੰਜਣ 'ਤੇ ਸੂਤ ਕੱਤਦੀਆਂ, ਸ਼ਬਦ ਪੜ੍ਹਦੀਆਂ। ਮਾਤਾ ਜੀਵਨ ਕੌਰ ਜੀ ਇਹਨਾਂ ਨੂੰ ਲੰਗਰ ਲਿਆ ਕੇ ਛਕਾਉਂਦੇ।[16]

ਇਸ ਮਾਤਾ ਦਿਆਲਾਂ ਜੀ ਨੂੰ ਹੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਅਨੰਦ ਕਾਰਜ ਤੋਂ ਪਹਿਲਾਂ ਗੁਰੂਸਰ ਭੇਜ ਕੇ ਮਾਤਾ ਭੁਪਿੰਦਰ ਕੌਰ ਜੀ ਨੂੰ ਗੁਰਬਾਣੀ ਪਾਠ ਸਰਲ ਕਰਵਾਇਆ ਸੀ। ਅਨੰਦ ਕਾਰਜ ਤੋਂ ਛੇ ਕੁ ਸਾਲ ਬਾਅਦ ਮਾਤਾ ਭੁਪਿੰਦਰ ਕੌਰ ਜੀ ਦੇ ਗ੍ਰਹਿ ਵਿਖੇ ਵੱਡੇ ਸਾਹਿਬਜ਼ਾਦੇ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਦਾ ਆਗਮਨ 8 ਮੱਘਰ, ਸੋਮਵਾਰ, ਕੱਤਕ ਸੁਦੀ ਤਰੌਦਸ਼ੀ, ਸੰਬਤ 1977 ਬਿ. ਮੁਤਾਬਿਕ 22 ਨਵੰਬਰ, 1920 ਨੂੰ ਹੋਇਆ। ਮਾਤਾ ਰਾਮ ਕੌਰ ਜੀ ਗੁਰੂਸਰ ਵਾਲਿਆਂ ਆਪਣੇ ਦੋਹਤੇ ਦੇ ਕੰਨ ਵਿੱਚ ਭਜਨ ਦੱਸਿਆ ਅਤੇ ਰਾਮਸਰ ਤੋਂ ਜਲ ਮੰਗਵਾ ਆਪਣੇ ਹੱਥ ਨਾਲ ਹੀ ਗੁੜ ਦੀ ਗੁੜ੍ਹਤੀ ਦਿੱਤੀ। ਸੰਗਤਾਂ ਨੇ ਜੈਕਾਰੇ ਗਜਾਏ, ਮਾਤਾ ਜੀਵਨ ਕੌਰ ਜੀ ਨੇ ਸਭ ਨਾਲ ਖੁਸ਼ੀਆਂ ਸਾਂਝੀਆਂ ਕੀਤੀਆਂ, ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗੱਫੇ ਵਰਤਾ

ਕੇ। ਪੰਜੀ ਦਿਨਾਂ ਬਾਅਦ ਮਾਤਾ ਜੀ ਅਤੇ ਸਾਹਿਬਜ਼ਾਦੇ ਨੇ ਰਾਮਸਰ ਵਿੱਚੋਂ ਇਸ਼ਨਾਨ ਕੀਤਾ। ਹੁਣ ਭਜਨ ਸੰਤ ਆਲਾ ਸਿੰਘ ਜੀ ਵਰਨਾਂ ਵਾਲਿਆਂ ਨੇ ਸਾਹਿਬਜ਼ਾਦੇ ਨੂੰ ਦੱਸਿਆ। ਸਤਿਗੁਰੂ ਪਰਤਾਪ ਸਿੰਘ ਜੀ ਕੱਤਕ ਪੁੰਨਿਆਂ ਦਾ ਪਹਿਲੀ ਪਾਤਸ਼ਾਹੀ ਦਾ ਗੁਰਪੁਰਬ ਨਨਕਾਣੇ ਸਾਹਿਬ ਮਨਾ ਰਹੇ ਸਨ, ਜਦੋਂ ਆਪ ਨੂੰ ਇਹ ਖੁਸ਼ਖਬਰੀ ਤਾਰ ਦੁਆਰਾ ਉੱਥੇ ਪੁਚਾਈ। ਮਾਤਾ ਭੁਪਿੰਦਰ ਕੌਰ ਜੀ ਸਾਹਿਬਜ਼ਾਦੇ ਨੂੰ ਲੈ ਕੇ, ਅਗਲੇ ਸਾਲ ਮੁਕਤਸਰ ਦੇ ਮੇਲੇ ਤੇ ਆਏ ਸਨ, ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ।

ਛੋਟੇ ਸਾਹਿਬਜ਼ਾਦੇ (ਮਹਾਰਾਜ ਬੀਰ ਸਿੰਘ ਜੀ) ਦਾ ਜਨਮ ਮਾਤਾ ਜੀ ਦੇ ਉਦਰ ਥੀਂ 2 ਕੱਤਕ 1980 ਬਿਕ੍ਰਮੀ ਮੁਤਾਬਿਕ 18 ਅਕਤੂਬਰ, 1923 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੀ ਹੋਇਆ। 1 ਮੱਘਰ ਨੂੰ ਮਾਤਾ ਜੀ ਅਤੇ ਸਾਹਿਬਜ਼ਾਦੇ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ ਅੰਮ੍ਰਿਤ ਛਕਾਇਆ ਗਿਆ। ਵੱਡੇ ਸਾਹਿਬਜ਼ਾਦੇ ਨੂੰ ਸੰਗਤ ਬੇਅੰਤ ਜੀ ਅਤੇ ਛੋਟੇ ਨੂੰ ਵੱਲਭ ਜੀ (ਜਾਂ ਬੱਲੋ ਜੀ) ਕਹਿ ਕੇ ਪੁਕਾਰਿਆ ਕਰਦੀ ਸੀ। ਛੋਟੇ ਸਾਹਿਬਜ਼ਾਦੇ ਦੇ ਜਨਮ ਤੋਂ ਕੁਝ ਸਮਾਂ ਪਹਿਲਾਂ ਮਾਤਾ ਭੁਪਿੰਦਰ ਕੌਰ ਜੀ, ਮਾਤਾ ਰਾਮ ਕੌਰ ਜੀ, ਮਾਈ ਗੁਰਦਿੱਤੀ (ਮਸਤਾਨ ਸਿੰਘ ਦੀ ਸਿੰਘਣੀ), ਮਾਈ ਖੇਮੋ, ਅਤੇ ਬੇਬੇ ਦਿਆਲਾਂ ਅਤੇ ਮਸਤਾਨ ਸਿੰਘ ਕਿਆਮਪੁਰੀਆ, ਗੁਰਮੁਖ ਸਿੰਘ ਝੱਬਰ ਸਮੇਤ ਸੁਕੇਤ ਪਹਾੜ ਤੇ ਹੁਕਮ ਅਨੁਸਾਰ ਰਹੇ ਸਨ। ਇੱਥੇ ਫਿਰ ਬੁਖਾਰ ਦਾ ਪਰਕੋਪ ਹੋਇਆ। ਸੇਵਕ ਸਾਰੇ ਬੀਮਾਰ ਸਮੇਤ ਮਾਤਾ ਜੀ ਅਤੇ ਪੌਣੇ ਤਿੰਨ ਸਾਲ ਦੇ ਬੇਅੰਤ ਜੀ। ਹੁਣ ਲੰਗਰ ਪਾਣੀ ਅਤੇ ਬਸਤਰਾਂ ਦੀ ਸੇਵਾ ਗੁਰਮੁਖ ਸਿੰਘ ਨਿਭਾਉਂਦਾ। ਓੜਕ ਮਾਤਾ ਜੀ ਨੇ ਉਸਨੂੰ ਬੀੜ ਵਿੱਚ ਸਤਿਗੁਰੂ ਜੀ ਪਾਸ ਭੇਜ ਕੇ ਹਕੀਕਤ ਦੱਸੀ। ਹੁਕਮ ਅਨੁਸਾਰ ਮਾਤਾ ਜੀ ਉੱਥੋਂ ਪਾਲਕੀ ਤੇ ਸਾਹਿਬਜ਼ਾਦੇ ਨਾਲ ਰੋਪੜ ਤੱਕ ਆਏ। ਅੱਗੋਂ ਇਕ ਬੇੜੀ ਦੁਆਰਾ ਜਿਹਨੂੰ ਕਾਂਊਟਾ ਕਹਿੰਦੇ ਸੀ, ਦੋਰਾਹੇ ਆਲੇ ਰੇਲ ਦੁਆਰਾ ਉੱਥੋਂ ਸਰਹੰਦ ਅਤੇ ਫਿਰ ਬੀੜ ਵਿੱਚ ਪੁੱਜ ਗਏ ਸਨ। ਇਸ ਤੋਂ ਪਹਿਲਾਂ ਵੀ ਮਾਤਾ ਜੀ ਬੀੜ ਵਿੱਚ ਵੱਡੇ ਸਾਹਿਬਜ਼ਾਦੇ ਸਮੇਤ ਰਹਿੰਦੇ ਰਹੇ ਸਨ।

ਵੱਲਭ ਜੀ ਦੇ ਜਨਮ ਸਮੇਂ ਮਾਤਾ ਜੀ ਨੂੰ ਸੂਤਕੀ ਬੁਖਾਰ ਹੋ ਗਿਆ ਜੋ ਕਿ ਵਿਗੜਦਾ-ਵਿਗੜਦਾ ਤਪਦਿਕ ਬਣ ਗਿਆ। ਹੁਣ ਦੋਹਾਂ ਸਾਹਿਬਜ਼ਾਦਿਆਂ ਤੋਂ ਅਲੱਗ ਆਪ ਦਾ ਡੇਰਾ ਰਾਮਸਰ ਬਾਗ ਵਾਲੀ ਕੋਠੀ ਪਾਸ ਇਕ ਕਮਰੇ ਵਿੱਚ ਖੁੱਲ੍ਹੀ ਹਵਾ ਵਿੱਚ ਕੀਤਾ, ਪਾਸ ਮਾਤਾ ਰਾਮ ਕੌਰ ਜੀ ਸਨ। ਵੱਲਭ ਜੀ ਨੇ ਮਾਤਾ ਜੀ ਦਾ ਦੁੱਧ ਛੇ ਕੁ ਮਹੀਨੇ ਹੀ ਚੁੰਘਿਆ ਸੀ। ਬੇਅੰਤ ਜੀ ਦੀ ਸਉਂਪਣਾ ਸਤਿਗੁਰੂ ਜੀ ਦੇ ਹੁਕਮ ਨਾਲ ਗੁਰਮੁੱਖ ਸਿੰਘ ਝੱਬਰ ਨੂੰ ਸੇਵਾ ਵਿੱਚ ਲਾ ਕੇ ਕਰ ਦਿੱਤੀ। ਵੱਲਭ' ਜੀ ਮਾਤਾ ਜੀਵਨ ਕੌਰ ਜਾਂ ਮਹੰਤ ਸੇਵਾ ਸਿੰਘ ਪਾਸ ਰਹਿੰਦੇ। ਮਾਤਾ ਜੀ ਦੇ ਬਹੁਤ ਇਲਾਜ ਬਦਲੇ। ਸਲੋਹਗੜ੍ਹ ਪਹਾੜ ਤੇ ਵੀ ਰੱਖਿਆ। ਪਰ ਹਾਲਾਤ ਨਾ ਬਦਲੇ। ਪੰਜ ਮਹੀਨੇ ਬਾਅਦ ਉੱਥੋਂ ਭੈਣੀ ਸਾਹਿਬ ਆ ਗਏ। ਸਰੀਰ ਹੇਠਾਂ ਨੂੰ ਜਾ ਰਿਹਾ ਸੀ। ਅੰਤ ਸਮਾਂ ਜਾਣ ਕੇ ਸੂਬਾ ਮੀਹਾਂ ਸਿੰਘ ਵੱਡੇ ਵੀਰ ਨੇ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਕੀਤਾ। ਬਾਈਵੀਂ ਅਸ਼ਟਪਦੀ ਤੇ ਪਾਠ ਸੀ ਜਦੋਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਆ ਦਰਸ਼ਨ ਦਿੱਤੇ। ਮਾਤਾ ਜੀ ਨੇ ਕਿਹਾ- "ਜੀ ਵਿਛੋੜਾ ਨਾ ਪਵੇ।" ਸਤਿਗੁਰੂ ਜੀ ਨੇ ਫੁਰਮਾਇਆ ਕਿ ਸਭ ਕੁਝ ਹੁਕਮ ਵਿਚ ਹੀ ਹੋ ਰਿਹਾ ਹੈ। ਓੜਕ 29 ਭਾਦਰੋਂ 1980 ਬਿਕ੍ਰਮੀ ਮੁਤਾਬਿਕ 14 ਸਤੰਬਰ 1924 ਨੂੰ ਮਾਤਾ ਜੀ ਹੁਕਮ ਸੱਤ ਹੋ ਗਏ। ਇਸ ਸਮੇਂ ਤੋਂ ਕੁਝ ਪਹਿਲਾਂ ਸਤਿਗੁਰੂ ਜੀ ਗੜ੍ਹਦੀਵਾਲੇ ਵਾਲੇ ਸੰਤ ਹਰਨਾਮ ਸਿੰਘ ਜੀ ਦੇ ਡੇਰੇ ਵਿੱਚ ਦਰਸ਼ਨ ਦੇ ਰਹੇ ਸਨ ਭਾਈ ਵਜੀਰ ਸਿੰਘ, ਇਕ ਲਾਂਗਰੀ ਅਤੇ ਇਕ ਦੋ ਹੋਰ ਸਿੰਘਾਂ ਸਮੇਤ, ਬੇਬੇ ਦਿਆਲਾਂ ਦੇ ਪੁੱਤਰ ਸੰਤਾ ਸਿੰਘ ਨੂੰ ਮੋਟਰ ਸਾਈਕਲ ਤੇ ਸਤਿਗੁਰੂ ਜੀ ਨੂੰ ਮਾਤਾ ਜੀ ਦੀ ਵਿਗੜੀ ਸਿਹਤ ਦੀ ਸੂਚਨਾ ਹਿੱਤ ਪਹਿਲਾਂ ਭੇਜਿਆ ਸੀ। ਉਸਨੂੰ ਜਲੰਧਰ ਵਿੱਚ ਹੈਜਾ ਹੋ ਗਿਆ। ਉਸਦੇ ਨਾਲ ਗਏ ਸਰਦਾਰਾ ਸਿੰਘ ਹਕੀਮ ਇੱਬਣ ਵਾਲੇ ਨੇ ਮਾਤਾ ਜੀ ਦੀ ਵਿਗੜੀ ਸਿਹਤ ਕਾਰਨ ਭੈਣੀ ਸਾਹਿਬ ਨੂੰ ਰੁਖ ਕੀਤਾ, ਇਲਾਜ ਕਰਨ ਲਈ। ਪਿੱਛੋਂ ਸੰਤਾ ਸਿੰਘ ਹੈਜੇ ਨਾਲ ਚਲਾਣਾ ਕਰ ਗਿਆ। ਸਤਿਗੁਰੂ ਪਰਤਾਪ ਸਿੰਘ ਜੀ ਨੇ ਆਏ ਸਰਦਾਰਾ ਸਿੰਘ ਨੂੰ ਕਿਹਾ ਕਿ ਭੁਪਿੰਦਰ ਕੌਰ ਪਾਸ ਤਾਂ ਇੱਥੇ ਵੇਖ ਭਾਲ ਵਾਲਿਆਂ ਦੀ ਕਮੀ ਨਹੀਂ ਸੀ, ਤੁਸਾਂ ਸਿੱਖ ਨੂੰ ਛੱਡ ਕੇ ਨਹੀਂ ਆਉਣਾ ਸੀ।[17]

ਮਾਤਾ ਜੀ ਦੇ ਸਸਕਾਰ ਵਾਲੀ ਥਾਂ ਤੇ ਖੂਹੀ ਲਾ ਦਿੱਤੀ ਗਈ ਸੀ। ਇੱਥੇ ਹੀ ਭਜਨ ਵਰਨੀ ਦਾ ਅਰੰਭ ਹੋ ਗਿਆ ਜੋ ਨਿਰੰਤਰ ਚਲ ਰਹੀ ਹੈ। ਇੱਕ ਵੇਰ ਸਿੱਖਾਂ ਨੇ ਬੇਨਤੀ ਕੀਤੀ, ਮਾਤਾ ਜੀ ਤੁਸੀਂ ਘਿਉ ਵਰਤਾਇਆ ਕਰੋ। ਘਿਉ ਦਾ ਭਰਿਆ ਬਰਤਨ ਆ ਗਿਆ। ਉਹ ਵਰਤਾਉਣ ਲੱਗ ਪਏ। ਕੁਝ ਸਮੇਂ ਬਾਅਦ ਮਾਤਾ ਜੀਵਨ ਕੌਰ ਜੀ ਆ ਗਏ। ਆਪ ਨੇ ਹੱਥ ਜੋੜ ਕੇ ਕਿਹਾ ਕਿ ਹੁਣ ਇਹ ਆਪਣਾ ਕਾਰਜ ਕਰਨ। ਇਤਨੀ ਨਿਰਮਾਣਤਾ ਦੀ ਆਪ ਮੂਰਤ ਸਨ।

ਮਾਤਾ ਜੀ ਦੇ ਭੋਗ ਤੇ ਸੰਗਤ ਦਾ ਬਹੁਤ ਇਕੱਠ ਹੋਇਆ ਸੀ। ਸਤਿਗੁਰੂ ਜੀ ਨੇ ਸਭ ਨੂੰ ਭਾਣਾ ਮੰਨਣ ਦਾ ਉਪਦੇਸ਼ ਦਿੱਤਾ। ਇਸ ਤੋਂ ਕੁਝ ਸਮਾਂ ਬੀਤਣ ਬਾਅਦ ਆਮ

ਸੰਗਤ, ਮਾਤਾ ਜੀਵਨ ਕੌਰ ਜੀ ਨੂੰ ਸਤਿਗੁਰੂ ਜੀ ਦਾ ਹੋਰ ਅਨੰਦ ਕਾਰਜ ਕਰਨ ਲਈ ਆ ਆ ਕੇ ਆਖਦੀ। ਉਹਨਾਂ ਦੀਆਂ ਇਹ ਬੇਨਤੀਆਂ ਸੁਣ ਸੁਣ ਕੇ ਇਕ ਦਿਨ ਮਾਤਾ ਜੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਅੱਗੇ ਸੰਗਤ ਦਾ ਇਹ ਸੁਝਾਅ ਰੱਖ ਦਿੱਤਾ। ਸਤਿਗੁਰੂ ਜੀ ਦਾ ਜੁਆਬ ਸੀ, "ਮਾਤਾ ਜੀ ਜੇ ਤਾਂ ਹੋਰ ਕੋਈ ਭੁਪਿੰਦਰ ਕੌਰ ਵਰਗੀ ਹੈ ਤਾਂ ਮੇਰਾ ਅਨੰਦ ਕਰ ਦਿਉ, ਪਰ ਮੈਨੂੰ ਤਾਂ ਕੋਈ ਉਹਦੇ ਵਰਗੀ ਨਹੀਂ ਦਿਸਦੀ।[18] ਸਚਮੁੱਚ ਮਾਤਾ ਭੁਪਿੰਦਰ ਕੌਰ ਜੀ ਆਪਣੇ ਵਰਗੇ ਆਪ ਹੀ ਸਨ।

**-ਹਵਾਲੇ ਤੇ ਟਿੱਪਣੀਆਂ-**


1. ਰਜਿੰਦਰ ਸਿੰਘ ਨਾਮਧਾਰੀ, ਗੁਰੂਸਰ, ਬਾਬਾਣੀਆਂ ਕਹਾਣੀਆਂ, 2056 ਬਿ. ਮੁਤਾਬਿਕ 2000 ਈ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਸਫਾ 17-25
2. ਮਾਸਟਰ ਨਿਹਾਲ ਸਿੰਘ, ਮਾਤਾਵਾਂ, 1983 ਈ., ਨਾਮਧਾਰੀ ਇਸਤਰੀ ਵਿਦਿਅਕ ਜੱਥਾ, ਸ੍ਰੀ ਭੈਣੀ ਸਾਹਿਬ, ਸਫਾ 10
3. ਰਜਿੰਦਰ ਸਿੰਘ, ਸਫਾ 27
4. ਨਿਹਾਲ ਸਿੰਘ, ਸਫਾ 10
5. ਰਜਿੰਦਰ ਸਿੰਘ, ਸਫਾ 27
6. ਰਜਿੰਦਰ ਸਿੰਘ, ਸਫਾ 29
7. ਨਿਹਾਲ ਸਿੰਘ, ਸਫਾ 11
8. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ, ਭਾਗ ਪਹਿਲਾ, ਨਵੰਬਰ 1971, ਸਾਧੂ ਸਿੰਘ ਕਿਸਾਨ ਰਾਮਪੁਰ (ਬੁੱਢੀ ਮਾੜੀ- ਸਿਰਸਾ), ਸਫਾ 138
9. ਸੁਵਰਨ ਸਿੰਘ ਵਿਰਕ (ਸੰ.) ਅੱਖੀਂ ਡਿੱਠਾ ਕਿੱਸਾ ਕੀਤਾ- ਜੱਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ 'ਚੋਂ- ਦੂਜੀ ਛਾਪ (2018), ਸਫਾ 107
10. ਸਤਿਜੁਗ ਦਾ 'ਅਟੱਲ ਪ੍ਰਤਾਪੀ ਆਗਮਨ ਸ਼ਤਾਬਦੀ ਅੰਕ ਭਾਗ ਦੂਜਾ, ਵੈਸਾਖ 2048 ਬਿ: (ਮਈ 1991), ਜੀਵਨ ਨਗਰ, ਸਿਰਸਾ। ਪੰਡਿਤ ਰਜਿੰਦਰ ਸਿੰਘ ਗੁਰੂਸਰ ਦਾ ਲੇਖ- ਸਤਿਗੁਰੁ ਵਡਾ ਕਰਿ ਸਾਲਾਹੀਐ- ਸਫਾ 105-6
11. ਉਪਰੋਕਤ, 106
12. ਸੁਵਰਨ ਸਿੰਘ ਵਿਰਕ (ਸੀ.) ਅੱਖੀਂ ਡਿੱਠਾ ਕਿੱਸਾ ਕੀਤਾ- 114
13. ਸਤਿਜੁਗ, ਉਪਰੋਕਤ, ਸਫਾ (106-08)
14. ਮਾ. ਨਿਹਾਲ ਸਿੰਘ, ਸਫਾ 16
15. ਸਤਿਜੁਗ, ਉਪਰੋਕਤ ਅੰਕ, ਸਫਾ 104-05 ਦੇ ਵਿਚਾਲੇ ਫੋਟੋ ਪੇਜ, ਜਿਸ ਤੇ ਮਾਤਾ ਜੀ ਦੇ ਦੋ ਪੱਤਰਾਂ ਦੇ ਫੋਟੋ ਹਨ। ਇਕ ਭਾਈ ਮੀਹਾਂ ਸਿੰਘ ਵੱਲ ਅਤੇ ਦੂਜਾ ਭਾਈ ਨਾਹਰ ਸਿੰਘ ਨੂੰ ਹੈ।
16. ਸੰਤ ਤਰਨ ਸਿੰਘ ਵਹਿਮੀ, ਸਫਾ 189-90
17. ਸੰਤ ਤਰਨ ਸਿੰਘ ਵਹਿਮੀ, ਜੱਸ ਜੀਵਨ ਭਾਗ ਦੂਜਾ, ਸਫਾ 94
18. ਉਪਰੋਕਤ, ਸਫਾ 121


..........................................................

## ਮੈਂ ਗੁਰਮੁੱਖੀ ਆਈ ਗੁਰੂਆਂ ਦੇ ਸੁੱਖ 'ਚੋਂ

**ਅਨੂਪ ਸਿੰਘ**

ਮੈਂ ਗੁਰਮੁੱਖੀ ਆਈ ਗੁਰੂਆਂ ਦੇ ਮੁੱਖ 'ਚੋਂ।
ਦੁੱਖੀ ਹਾਂ ਮੈਂ ਬੜੀ ਪੁੱਤਾ ਬੱਸ ਏਸੇ ਦੁੱਖ ਤੋਂ।
ਜਾਨ ਕੱਢੀ ਜਾਂਦੇ ਮੇਰੇ ਪੁੱਤ ਮੇਰੇ ਬੁੱਤ 'ਚੋਂ।
ਬੋਲਦੇ ਨਹੀਂ ਮੇਰੇ ਨਾਲ ਜੰਮੇ ਮੇਰੀ ਕੁੱਖ 'ਚੋਂ।

ਗੁਰੂਆਂ ਨੇ ਲਿਖੀ ਗੁਰਬਾਣੀ ਏਸੇ ਬੋਲੀ 'ਚ।
ਤੂੰ ਸੁਣੀ ਮੈਥੋਂ ਲੋਰੀ ਤੇ ਕਹਾਣੀ ਏਸੇ ਬੋਲੀ 'ਚ।
ਝੂਠ ਨੀ ਕਹਿੰਦੀ ਸੱਚ ਜਾਣੀ ਏਸੇ ਬੋਲੀ 'ਚ।
ਮਹਿਕਦੀ ਸੀ ਮਾਂ ਬੋਲੀ ਸਦਾ ਮੇਰੇ ਪੁੱਤ 'ਚੋਂ।
ਮੈਂ ਗੁਰਮੁੱਖੀ ਆਈ ਗੁਰੂਆਂ ਦੇ ਮੁੱਖ 'ਚੋਂ।

ਬੋਲਦੇ ਅੰਗਰੇਜ਼ੀ ਤੇ ਪੰਜਾਬੀ ਭੁੱਲੀ ਬੈਠੇ ਐ।
ਬਣ ਗਏ ਨੇ ਨੌਕਰ ਨਵਾਬੀ ਭੁੱਲੀ ਬੈਠੇ ਐ।
ਤਖਤਾਂ ਦੇ ਮਾਲਕ ਸੀ ਪਾਕੇ ਕੁੱਲੀ ਬੈਠੇ ਐ।
ਸੱਖਣੀ ਨਾ ਚਲੀ ਜਾਵਾਂ ਭਾਗਾਂ ਭਰੀ ਰੁੱਤ 'ਚੋਂ।
ਮੈਂ ਗੁਰਮੁੱਖੀ ਆਈ ਗੁਰੂਆਂ ਦੇ ਮੁੱਖ 'ਚੋਂ।

ਛੱਡ ਕੇ ਮਾਂ ਬੋਲੀ ਗੈਰਾਂ ਪਿੱਛੇ ਭੱਜੀ ਜਾਂਦੇ ਐ।
ਹੀਰੇ ਮੋਤੀ ਰੋਲ ਕੇ ਕੱਚ ਲੱਭੀ ਜਾਂਦੇ ਐ।
ਹਾਂਜੀ ਦੀ ਥਾਂ ਯਾ-ਯਾ ਕਹਿਕੇ ਮੈਨੂੰ ਦੱਬੀ ਜਾਂਦੇ ਐ।
ਇੰਝ ਤੇ ਨਾ ਜਾਨ ਕੱਢੋ ਪੁੱਤੋ ਮੇਰੇ ਬੁੱਤ 'ਚੋਂ।
ਮੈਂ ਗੁਰਮੁੱਖੀ ਆਈ ਗੁਰੂਆਂ ਦੇ ਮੁੱਖ 'ਚੋਂ।

ਧਰਤੀ ਨਾ ਰਹੀ ਜੇ ਤੇ ਪੈਰ ਕਿੱਥੇ ਧਰੋਗੇ?
ਪੰਜਾਬੀ ਨਾ ਰਹੀ ਗੁਰਬਾਣੀ ਕਿਵੇਂ ਪੜ੍ਹੋਗੇ?
ਮਾਂ ਨਾਲ ਗੱਲ ਗੈਰ ਬੋਲੀ ਵਿੱਚ ਕਰੋਗੇ?
ਫਲ ਮਿੱਠੇ ਲਹਿੰਦੇ ਨਹੀਂ ਜੇ ਸਿੰਬਲ ਦੇ ਰੁੱਖ ਤੋਂ।
ਮੈਂ ਗੁਰਮੁੱਖੀ ਆਈ ਗੁਰੂਆਂ ਦੇ ਮੁੱਖ 'ਚੋਂ।

..........................................................

ਕਹਾਣੀ

# ਇੱਕ ਦਸਤਾਰ ਰੱਤ ਲਿੱਬੜੀ



**ਜਸਵੀਰ ਰਾਣਾ**
**9815659220**

**1. ਜੋ ਬਿਨਾਂ ਮਰੇ ਹੀ ਭੂਤ ਬਣ ਗਏ**

ਮੇਰੀ ਨਜ਼ਰ ਖੂਨ ਨਾਲ ਲਿੱਬੜੀਆਂ ਸਰਿੰਜਾਂ ਉੱਪਰ ਜਾ ਟਿਕੀ। ਸਿੰਘਾਂ ਦਾ ਘਰ ਨਸ਼ਾ ਕਰਨ ਵਾਲਿਆਂ ਦੀ ਠਾਹਰ ਬਣ ਗਿਆ ਸੀ।

"ਜਿਹੜਾ ਕੰਮ ਬੰਦੂਕ ਦੀ ਗੋਲੀ ਨਾ ਕਰ ਸਕੀ! ... ਉਹ ਇੱਕ ਸੂਈ ਨੇ ਕਰ ਦਿੱਤਾ..!" ਮੈਂ ਇੱਕ ਸਰਿੰਜ ਚੁੱਕ ਪਰ੍ਹਾਂ ਵਗਾਹ ਮਾਰੀ।

ਉਹ ਕੰਧ ਵਿੱਚ ਵੱਜ ਹੇਠਾਂ ਡਿੱਗ ਪਈ। ਉਸਦੀ ਮੱਧਮ ਜਿਹੀ ਆਵਾਜ਼ ਵਿਚੋਂ ਇੱਕ ਹੋਰ ਆਹਟ ਉੱਭਰੀ। ਮੈਂ ਪੈੜ-ਚਾਲ ਸੁਣ ਉੱਠ ਕੇ ਖੜ੍ਹਾ ਹੋ ਗਿਆ।

ਹਨੇਰੇ ਵਿੱਚ ਕੋਈ ਅੰਦਰ ਨੂੰ ਤੁਰਿਆ ਆ ਰਿਹਾ ਸੀ। ਮੈਂ ਅੱਖਾਂ ਉੱਪਰ ਜੋਰ ਦੇ ਕੇ ਵੇਖਿਆ। ਉਸਦੀ ਜਵਾਨ ਤੋਰ ਥੱਕੀ ਹੋਈ ਸੀ। ਨਜ਼ਦੀਕ ਆ ਉਹ ਬੇਹੱਦ ਠੰਡੀ ਆਵਾਜ਼ ਵਿੱਚ ਬੋਲਿਆ, "ਕਿਹੜੇ ਬਾਈ ਜੀ ..!"

"ਮੈਂ ਤੇਰਾ ਭੂਤ ਆਂ...!" ਮੇਰੀ ਆਵਾਜ਼ ਸੁਣ ਉਹ ਦਸ ਕਦਮ ਪਿੱਛੇ ਜਾ ਖੜ੍ਹਿਆ

ਉਸਨੇ ਮੋਬਾਇਲ ਦੀ ਟਾਰਚ ਜਗਾ ਲਈ। ਮੈਂ ਆਪਣੀ ਟਾਰਚ ਉਸ ਵੱਲ ਨੂੰ ਸਿੱਧੀ ਕਰ ਦਿੱਤੀ।

ਮੇਰੇ ਚਿਹਰੇ ਉੱਪਰ ਨਜ਼ਰ ਪੈਂਦਿਆਂ ਹੀ ਉਸਦੀ ਚੀਕ ਨਿਕਲ ਗਈ, "ਮਰੋ ਥੋਡੀ ਭੈਣ,,! ਇਹ ਤਾਂ ਬਾਜ ਤਾਂ ਭੂਤ ਐ..!"

"ਇੱਕ ਮਿੰਟ ਗੱਲ ਤਾਂ ਸੁਣ...!" ਪਰ ਉਸਨੇ ਮੇਰੀ ਗੱਲ ਨਹੀਂ ਸੁਣੀ

ਉਹ ਪੁੱਠੇ ਪੈਰੀਂ ਚੁਪੱਟ ਖੁੱਲ੍ਹੇ ਗੇਟ ਵਿੱਚ ਦੀ ਉਸ ਪਾਰ ਹੋ ਗਿਆ। ਮੈਂ ਬਾਹਰ ਨਿਕਲ ਕੇ ਵੇਖਿਆ। ਉਸਦੇ ਭੱਜੇ ਜਾਂਦੇ ਪੈਰਾਂ ਦੀ ਆਵਾਜ਼ ਲੰਬੀ ਬੀਹੀ ਵਾਲਾ ਮੋੜ ਮੁੜ ਗਈ।

ਮੈਂ ਲੰਙ ਮਾਰਦਾ ਅੰਦਰ ਆ ਗਿਆ। ਮੇਰਾ ਅੰਦਰ ਸਵਾਲਾਂ ਨਾਲ ਭਰਿਆ ਪਿਆ ਸੀ। ਲੋਕ ਤਾਂ ਮਰ ਕੇ ਭੂਤ ਬਣਦੇ ਸਨ। ਮੈਂ ਜਿਉਂਦਾ ਹੀ ਭੂਤ ਬਣ ਗਿਆ ਸੀ।

"ਤੂੰ ਕਿਸਮਤ ਦਾ ਵਲੀ ਏਂ! ... ਇਤਿਹਾਸ ਵਿੱਚ ਐਸਾ ਮੌਕਾ ਵਿਰਲੇ ਲੋਕਾਂ ਨੂੰ ਈ ਮਿਲਦੈ..!" ਵਿਹੜੇ ਵਿੱਚ ਉੱਗਿਆ ਘਾਹ ਮੇਰੇ ਪੈਰ ਚੁੰਮਣ ਲੱਗਾ।

ਘਰ ਦੀਆਂ ਢਹਿੰਦੀਆਂ ਕੰਧਾਂ ਆਖਣ ਲੱਗੀਆਂ, "ਹਰ ਮੌਤ ਆਪਣਾ ਇੱਕ ਪ੍ਰਭਾਵ ਖੇਤਰ ਸਿਰਜਦੀ ਐ! ਇੱਕ ਮੌਤ ਅੱਗੇ ਦਸ ਮੌਤਾਂ ਲਈ ਜ਼ਮੀਨ ਤਿਆਰ ਕਰਦੀ ਐ..!"

"ਜਦੋਂ ਤੂੰ ਜਿਉਂਦਾ ਸੀ! ... ਲੋਕ ਉਦੋਂ ਵੀ ਤੈਥੋਂ ਡਰਦੇ ਸਨ ! ਜਦੋਂ ਤੂੰ ਮਰ ਗਿਆ! .. ਲੋਕ ਹੁਣ ਵੀ ਤੈਥੋਂ ਡਰਦੇ ਨੇ...!" ਖ਼ਾਲੀ ਕਮਰਿਆਂ ਵਿੱਚ ਫੈਲੀ ਸੁੰਨ ਸਾਂ-ਸਾਂ ਕਰਨ ਲੱਗੀ।

ਛੱਤ ਤੋਂ ਆਈ ਆਵਾਜ਼ ਵਿਹੜੇ ਵਿੱਚ ਫੈਲ ਗਈ, "ਧਰਤੀ ਦੇ ਲੋਕਾਂ ਦਾ ਇਹੀ ਦਸਤੂਰ ਐ ਬਾਜ! ਐ ਬਾਜ! ...ਤੂੰ ਉੱਪਰ ਆ ਜਾ..!"

"ਜਦੋਂ ਦਾ ਆਇਆਂ!... ਕੋਈ ਮੇਰੀ ਗੱਲ ਈ ਨੀ ਸੁਣਦਾ...!" ਮੈਂ ਖ਼ੁਦ ਨਾਲ ਗੱਲਾਂ ਕਰਦਾ ਪੌੜੀਆਂ ਚੜ੍ਹਨ ਲੱਗਾ।

ਛੱਤ ਥਾਂ-ਥਾਂ ਤੋਂ ਟੁੱਟੀ ਪਈ ਸੀ। ਜਿੰਨੀ ਸਾਬਤੀ ਸੀ। ਉਸ ਉੱਪਰ ਘਾਹ ਉੱਗ ਆਇਆ ਸੀ।

"ਉੱਜੜੇ ਘਰਾਂ ਦੇ ਵਿਹੜਿਆਂ ਵਿੱਚ ਘਾਹ ਈ ਉੱਗਦਾ ਹੁੰਦੈ...!" ਮੈਂ ਅੱਖਾਂ ਪੂੰਝ ਪਿੰਡ ਵੱਲ ਨਜ਼ਰ ਮਾਰੀ।

ਸਾਰਾ ਪਿੰਡ ਘੁੱਗ ਵੱਸਦਾ ਸੀ। ਘਰਾਂ ਵਿੱਚ ਲਾਈਟਾਂ ਜਗ ਰਹੀਆਂ ਸਨ। ਸਾਡਾ ਘਰ ਹਨੇਰੇ ਵਿੱਚ ਡੁੱਬਿਆ ਹੋਇਆ ਸੀ।

ਮੇਰੀ ਮਾਂ ਹਨੇਰੇ ਤੋਂ ਬਹੁਤ ਡਰਦੀ ਸੀ। ਜਦੋਂ ਸੂਰਜ ਛਿਪਦਾ। ਉਹ ਆਖਣ ਲੱਗ ਪੈਂਦੀ, "ਰਹਿਰਾਸ ਵੇਲੇ ਹਨੇਰਾ

ਮਾੜਾ ਹੁੰਦਾ ! ਧਰਮ ਦੁਆਰਿਆਂ 'ਚ ਆਥਣ-ਉੱਗਣ ਐਵੀਂ ਨੀਂ ਜੋਤਾਂ ਜਗਦੀਆਂ...!"

"ਜਿਹੜਾ ਵੀ ਜਗਦਾ ! ਉਹ ਉਸੇ ਦਾ ਨਿਸ਼ਾਨਾ ਬੰਨ੍ਹ ਦਿੰਦੇ ਨੇ ਮਾਂ...!" ਕੰਧ ਨੂੰ ਹੱਥ ਲਾ ਮੈਂ ਹੇਠਾਂ ਉਤਰਨ ਲੱਗਾ।

ਮੇਰੀ ਟੁੱਟੀ ਲੱਤ ਬਹੁਤ ਦਰਦ ਕਰ ਰਹੀ ਸੀ। ਆਖਰੀ ਪੌੜੀ ਉਤਰਨ ਲੱਗਿਆਂ ਮੈਂ ਦੰਦਾਂ ਵਿੱਚ ਜੀਭ ਦੇ ਲਈ।

ਜਿਸ ਰਾਤ ਪੁਲਿਸ ਵਾਲਿਆਂ ਨੇ ਲੱਤ ਤੋੜੀ। ਉਸ ਰਾਤ ਦੰਦਾਂ ਹੇਠ ਆਈ ਜੀਭ ਟੁੱਕੀ ਗਈ ਸੀ। ਮੇਰਾ ਮੂੰਹ ਖ਼ੂਨ ਨਾਲ ਭਰ ਗਿਆ।

ਮੈਂ ਜੀਭ ਉੱਪਰ ਖ਼ੂਨ ਦਾ ਸਵਾਦ ਮਹਿਸੂਸ ਕੀਤਾ। ਮੂੰਹ ਭੁਆ ਪਰ੍ਹਾਂ ਨੂੰ ਥੁੱਕਿਆ। ਕੁੜਤੇ ਦੀ ਬਾਂਹ ਨਾਲ ਮੂੰਹ ਸਾਫ਼ ਕਰ ਬੈਠਕ ਵੱਲ ਨੂੰ ਤੁਰ ਪਿਆ।

ਉਸ ਵਿੱਚ ਘੁੱਪ ਹਨੇਰਾ ਸੀ। ਮੈਂ ਟਾਰਚ ਜਗਾ ਲਈ। ਰੌਸ਼ਨੀ ਦਾ ਦਾਇਰਾ ਕੰਧਾਂ ਉੱਪਰ ਘੁੰਮਣ ਲੱਗਾ। ਥਾਂ-ਥਾਂ ਤੋਂ ਖਲੇਪੜ ਲਹੇ ਪਏ ਸਨ। ਨਸ਼ੇੜੀ ਖਿੜਕੀਆਂ-ਦਰਵਾਜ਼ਿਆਂ ਨਾਲ ਚੁਗਾਠਾਂ ਵੀ ਲਾਹ ਕੇ ਲੈ ਗਏ ਸਨ। ਸਾਰਾ ਘਰ ਖੰਡਰ ਬਣਿਆ ਪਿਆ ਸੀ।

"ਇਹ ਘਰ ਕਦੀ ਮਾਂ ਵਾਂਗ ਸੋਹਣਾ ਸੀ...!" ਆਲਾ-ਦੁਆਲਾ ਤਾੜਦਾ ਮੈਂ ਬੈਠਕ ਅੰਦਰ ਵੜ ਗਿਆ

ਇੱਕ ਦਿਨ ਰੁੜਕਾ ਲਿਆ ਟੁੱਟਿਆ ਫਰਸ਼ ਸੁੰਭਰ ਲਿਆ ਸੀ। ਸਾਹਮਣੀ ਕੰਧ ਨਾਲ ਪਰਾਲੀ ਖਿਲਾਫ ਉੱਪਰ ਕੰਬਲ ਵਿਛਾ ਦਿੱਤਾ ਸੀ।

ਮੈਂ ਉਸ ਉੱਪਰ ਬੈਠ ਗਿਆ। ਕੰਧ ਨਾਲ ਢੋਅ ਲਾ ਲਈ। ਸਾਹਮਣੀ ਖਿੜਕੀ ਤੇ ਦਰਵਾਜ਼ੇ ਵਿਚਕਾਰ ਦੋ ਕੁ ਫੁੱਟ ਥਾਂ ਸੀ। ਮੈਂ ਉੱਠ ਕੇ ਉਸ ਨੂੰ ਹੱਥ ਲਾ-ਲਾ ਵੇਖਣ ਲੱਗਾ।

"ਕੀ ਵੇਖਦੈਂ। ਮੈਂ ਤਾਂ ਟੁੱਟ ਗਿਆ ਸੀ!" ਮੈਂ ਸ਼ੀਸ਼ੇ ਉੱਪਰ ਹੱਥ ਫੇਰਨ ਵਾਂਗ ਕੰਧ ਉੱਪਰ ਹੱਥ ਫੇਰਿਆ ਜਿੱਥੇ ਸ਼ੀਸ਼ਾ ਟੰਗਿਆ ਹੁੰਦਾ ਸੀ। ਉਸਦਾ ਨਿਸ਼ਾਨ ਵੀ ਮਿਟ ਗਿਆ ਸੀ। ਮੇਖ ਵਾਲਾ ਸੁਰਾਖ ਵੀ ਪੂਰਿਆ ਗਿਆ ਸੀ। ਅਖ਼ਬਾਰ ਦੀ ਕਟਿੰਗ ਝਰੀਟ ਦਿੱਤੀ ਸੀ। ਸੰਤਾਂ ਦੀ ਫੋਟੋ ਪਾੜ ਦਿੱਤੀ ਸੀ। ਜਿਸ ਨੇ ਵੀ ਇਹ ਕੰਮ ਕੀਤਾ। ਉਹ ਨਹੀਂ ਸੀ ਜਾਣਦਾ ਉਸਨੇ ਕੀ ਕਰ ਦਿੱਤਾ ਸੀ।

"ਤੂੰ ਮੇਰਾ ਇਤਿਹਾਸ ਪਾੜ ਦਿੱਤਾ ਦੋਖੀਆ....!" ਮੈਂ ਟਾਰਚ ਬੰਦ ਕਰ ਕੰਬਲ ਉੱਪਰ ਜਾ ਕੇ ਪੈ ਗਿਆ।

ਅੱਖਾਂ ਬੰਦ ਕਰ ਲਈਆਂ। ਸੁਰਤੀ ਮੱਥੇ ਵਿਚਕਾਰ ਟਿਕਾ ਲਈ। ਰਸਨਾ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਨ ਲੱਗੀ।

ਮੈਂ ਭੂਤਾਂ ਵਿਚਕਾਰ ਘਿਰਨ ਲੱਗਾ। ਹਰ ਰਾਤ ਇੰਝ ਹੀ ਹੁੰਦਾ ਸੀ। ਸੌਣ ਤੋਂ ਪਹਿਲਾਂ ਮੇਰੀ ਰੂਹ ਭੂਤਾਂ ਵਿਚਕਾਰ ਘਿਰ ਜਾਂਦੀ।

"ਤੂੰ ਇਕੱਲਾ ਨਹੀਂ!.. ਅਸੀਂ ਵੀ ਤੇਰੇ ਨਾਲ ਆਂ!" ਮੈਂ ਇਕੱਲਾ ਨਹੀਂ ਮੇਰੇ ਵਰਗੇ ਬਹੁਤ ਭੂਤ ਸਨ।

ਉਹ ਨਾਂ ਬਦਲ ਕੇ ਦੁਨੀਆਂ ਵਿੱਚ ਘੁੰਮ ਰਹੇ ਸਨ। ਨਹਿਰ ਦੀ ਪਟੜੀ 'ਤੇ ਰਾਤ ਨੂੰ ਸੱਤੀ ਦਾ ਭੂਤ ਘੁੰਮਦਾ ਸੀ। ਦਿਨ ਵਿੱਚ ਉਸ ਦੀਆਂ ਗੱਲਾਂ ਹੁੰਦੀਆਂ। ਕੋਈ ਆਖਦਾ, "ਉਹਦਾ ਸਿਰ ਨਹੀਂ ਸੀ!"

"ਹਵਾ ਵਿੱਚ ਇਕੱਲੀ ਦਸਤਾਰ ਸਜੀ ਹੋਈ ਸੀ...!" ਕੋਈ ਅੱਖਾਂ ਨਾਲ ਵੇਖਣ ਦਾ ਦਾਅਵਾ ਕਰਦਾ।

ਰਾਤ ਨੂੰ ਨਹਿਰ ਦਾ ਪਾਣੀ ਲਾ ਕੇ ਪਰਤਿਆ ਬੂਟਾ ਦੱਸਦਾ, "ਜਦੋਂ ਮੈਂ ਮੋਟਰ ਆਲੇ ਕੋਠੇ ਦੀ ਲਾਈਟ ਬੰਦ ਕਰੀ! ਔਹ ਰੈਸਟ ਹਾਊਸ ਕੋਲ ਗੋਲੀ ਚੱਲੀ ! ਹਨੇਰੇ ਵਿੱਚ ਇੱਕ ਚੀਕ ਉੱਭਰੀ ..!"

"ਪਟੜੀ 'ਤੇ ਸਾਇਕਲ ਸੇਂਟ ਮੈਂ ਤਾਂ ਰੜੇ-ਮੈਦਾਨ ਪਿੰਡ ਨੂੰ ਭੱਜ ਲਿਆ!" ਉਸਦਾ ਉੱਖੜਿਆ ਸਾਹ ਵੇਖ ਕੋਈ ਰਾਤ ਨੂੰ ਨਹਿਰ ਦੀ ਪਟੜੀ ਵੱਲ ਨਹੀਂ ਸੀ ਜਾਂਦਾ।

ਨੰਜੀ ਦਾ ਭੂਤ ਛੰਨਾ ਵਾਲੇ ਬੀਹੜ ਵੱਲ ਨੂੰ ਤੁਰਿਆ ਜਾਂਦਾ ਸੀ। ਉਹ ਸਿਖਰ ਦੁਪਹਿਰੇ ਰੋਹੀ-ਬੀਆਬਾਨ ਵਿੱਚ ਘੁੰਮਦਾ।

ਮੈਸ੍ਹਾਂ ਚਾਰਨ ਗਿਆ ਦਿਆਲੀ ਬੁੜ੍ਹਾ ਆਥਣ-ਉੱਗਣ ਦੱਸਦਾ, "ਦੋ ਘੜੀ ਢੂਹੀ ਸਿੱਧੀ ਕਰਨ ਲਈ ਮੈਂ ਇੱਕ ਦਰਖ਼ਤ ਨਾਲ ਢੋਅ ਲਾ ਕੇ ਪੈ ਗਿਆ! ਜਦੋਂ ਮੇਰੀ ਨਿਗਾਹ ਉੱਪਰ ਗਈ ! ਦਰਖ਼ਤ 'ਤੇ ਨੰਜੀ ਪੁੱਠਾ ਲਟਕ ਰਿਹਾ ਸੀ...!"

"ਉਹਦੇ ਮੱਥੇ ਵਿੱਚ ਗੋਲੀ ਵੱਜੀ ਹੋਈ ਸੀ!" ਉਸਦੀ ਗੱਲ ਸੁਣ ਸਾਰਾ ਪਿੰਡ ਡਰ ਜਾਂਦਾ।

ਜਿਸ ਦਿਨ ਹਜ਼ੂਰ ਸਾਹਿਬ ਤੋਂ ਪਰਤੇ ਬਚਨ ਮਿਸਤਰੀ ਨੇ ਕਥਾ ਸੁਣਾਈ, "ਜਦੋਂ ਮੈਂ ਪਹਾੜੀ ਤੋਂ ਉੱਤਰ ਰਿਹਾ ਸੀ! ਮੇਰੇ ਕੋਲ ਦੀ ਸਲਾਹ ਆਲਾ ਬਚਿੱਤਰ ਲੰਘਿਆ! .. ਮੈਂ ਉਹਨੂੰ ਹਾਕ ਵੀ ਮਾਰੀ! ਪਰ ਉਹ ਬੋਲਿਆ ਨਹੀਂ!"

"ਉਹ ਪੁੱਠੇ ਪੈਰਾਂ ਨਾਲ ਤੁਰਦਾ ਉੱਪਰ ਨੂੰ ਜਾ ਰਿਹਾ ਸੀ...!" ਉਸਦੀ ਗੱਲ ਸੁਣ ਪੁਲਿਸ ਮੁਕਾਬਲੇ ਦੀਆਂ ਗੱਲਾਂ ਚੱਲ ਪੈਂਦੀਆਂ ਸਨ।

ਪੁਲਿਸ ਤੋਂ ਬਚਦਾ ਮੈਂ ਜਦੋਂ ਰਾਜਸਥਾਨ ਗਿਆ। ਉੱਥੇ ਇੱਕ ਪਿੰਡ ਵਿੱਚ ਰਛਪਾਲ ਦੀਆਂ ਗੱਲਾਂ ਚੱਲ ਰਹੀਆਂ ਸਨ। ਲੋਕ ਦੱਸਦੇ ਸਨ– "ਜਦੋਂ ਰਾਤ ਉਤਰਦੀ ਐ! ਠੰਡੀ ਰੇਤ ਦੇਹ ਧਾਰਨ ਲੱਗਦੀ ਐ! ਪੈਰਾਂ ਦੇ ਨਿਸ਼ਾਨ ਉੱਭਰਦੇ ਹਨ! ਮਿਟ ਜਾਂਦੇ ਹਨ! ਕਿਤੇ ਗੋਲੀ ਚੱਲਦੀ ਐ! ਰੇਤ ਖ਼ੂਨ ਨਾਲ ਭਿੱਜ ਜਾਂਦੀ ਐ! ਸਵੇਰੇ ਇੱਕ ਬੰਦਾ ਮਰਿਆ ਪਿਆ ਹੁੰਦਾ!"

"ਉਹ ਰਛਪਾਲ ਐ। ...ਏਰੀਆ ਕਮਾਂਡਰ...।" ਉਹਨਾਂ ਦੀ ਗੱਲ ਸੁਣ ਮੈਂ ਮਨ ਹੀ ਮਨ ਹੱਸਿਆ ਸੀ।

ਲੋਕ ਜਿਹਨਾਂ ਨੂੰ ਮਰੇ ਹੋਏ ਸਮਝਦੇ ਸਨ। ਉਹ ਜਿਉਂਦੇ ਸਨ। ਉਨ੍ਹਾਂ ਨੂੰ ਜਿਉਣ ਦੀ ਸਜ਼ਾ ਮਿਲੀ ਹੋਈ ਸੀ।

ਸਭ ਨੂੰ ਉਨ੍ਹਾਂ ਦੇ ਜਿਉਣ ਉੱਪਰ ਇਤਰਾਜ਼ ਸੀ। ਜਦੋਂ ਕੋਈ ਕਿਸੇ ਭੂਤ ਨੂੰ ਵੇਖਦਾ। ਉਹ ਆਖਦਾ, "ਤੂੰ ਤਾਂ ਮਰ ਗਿਆ ਸੀ।"

"ਮੈਂ ਮਰ ਕੇ ਜੀਅ ਰਿਹਾ ਹਾਂ... ।" ਇੱਕ ਭੂਤ ਦੀ ਆਵਾਜ਼ ਸੁਣ ਮੇਰੀ ਅੱਖ ਲੱਗ ਗਈ। ਉਹ ਸਿਹਰਾ ਬੰਨ੍ਹੀ ਘੋੜੀ ਉੱਪਰ ਬੈਠਾ ਸੀ। ਉਸਦੇ ਪਿੱਛੇ ਭੂਤਾਂ ਦੀ ਬਰਾਤ ਤੁਰੀ ਜਾ ਰਹੀ ਸੀ। ਢੋਲ-ਵਾਜਾ ਵੱਜ ਰਿਹਾ ਸੀ। ਛੈਣੇ ਖੜਕ ਰਹੇ ਸਨ। ਮੈਂ ਇੱਕ ਬਰਾਤੀ ਨੂੰ ਪੁੱਛਿਆ, "ਇਹ ਕਿਸ ਦੀ ਬਰਾਤ ਐ!"

"ਇਹ ਮੌਤ ਦੀ ਬਰਾਤ ਐ..!" ਖ਼ੂਨੀ ਅੱਖਾਂ ਨਾਲ ਝਾਕਦਾ ਉਹ ਅਗਾਂਹ ਲੰਘ ਗਿਆ। ਮੈਂ ਪਿੱਛੋਂ ਆਵਾਜ਼ ਮਾਰੀ, "ਇਹ ਘੋੜੀ ਵਾਲਾ ਬੰਦਾ ਕਿਸ ਨੂੰ ਵਿਆਹੁਣ ਜਾ ਰਿਹਾ!"

"ਲਾੜੀ ਮੌਤ ਨੂੰ!" ਉਸਦੀ ਗੱਲ ਸੁਣ ਘੋੜੀ ਨੂੰ ਅੱਡੀ ਮਾਰ ਲਾੜਾ ਹਵਾ ਵਿੱਚ ਉੱਡ ਗਿਆ। ਉਸ ਨਾਲ ਬਰਾਤ ਵੀ ਉਡ ਗਈ। ਉੱਡਦੀ ਬਰਾਤ ਦਾ ਖੜਾਕਾ ਸੁਣ ਮੇਰੀ ਅੱਖ ਖੁੱਲ੍ਹ ਗਈ। ਮੈਂ ਮੋਬਾਈਲ 'ਤੇ ਟਾਈਮ ਵੇਖਿਆ। ਰਾਤ ਦੇ ਬਾਰਾਂ ਵੱਜਣ ਵਾਲੇ ਸਨ। ਮੈਂ ਉੱਠ ਕੇ ਖੜ੍ਹਾ ਹੋ ਗਿਆ। ਪੈਰੀਂ ਜੁੱਤੀ ਪਾਈ। ਕਿੱਲੀ 'ਤੇ ਟੰਗਿਆ ਝੋਲਾ ਲਾਹ ਮੋਢੇ ਟੰਗਿਆ। ਮੋਬਾਈਲ ਤੇ ਟਾਰਚ ਜੇਬ ਵਿੱਚ ਪਾ ਮੈਂ ਬਾਹਰ ਨੂੰ ਤੁਰ ਪਿਆ।

ਬੀਹੀ ਸੁੰਨੀ ਪਈ ਸੀ। ਮੈਨੂੰ ਵੇਖ ਹਨੇਰੇ ਵਿੱਚ ਬੈਠਾ ਕਾਲਾ ਕੁੱਤਾ ਭੌਂਕਿਆ। ਉਸਦੀ ਆਵਾਜ਼ ਸੁਣ ਮੋੜ 'ਤੇ ਬੈਠਾ ਕੁੱਤਾ ਵੀ ਭੌਂਕਣ ਲੱਗਿਆ। ਕੁੱਤਿਆਂ ਦੀਆਂ ਆਵਾਜ਼ਾਂ ਸੁਣ ਮੈਨੂੰ ਉਹ ਸਮਾਂ ਯਾਦ ਆ ਗਿਆ। ਜਦੋਂ ਉਹਨਾਂ ਦਾ ਭੌਂਕਣਾ ਸਖ਼ਤ ਮਨ੍ਹਾ ਸੀ। ਪਰ ਹੁਣ ਉਹ ਸਜ਼ਾ ਮੁਕਤ ਸਨ। ਉਨ੍ਹਾਂ ਵਾਂਗ ਭੂਤ ਦੀ ਜੂਨ ਤੋਂ ਮੁਕਤੀ ਬਾਰੇ ਸੋਚਦਾ ਮੈਂ ਬੀਹੀ ਵਿੱਚ ਤੁਰਿਆ ਜਾ ਰਿਹਾ ਸੀ।

ਜੇਕਰ ਕੋਈ ਮੈਨੂੰ ਵੇਖ ਲੈਂਦਾ। ਉਸਨੂੰ ਦੌਰਾ ਪੈ ਜਾਂਦਾ। ਮੈਂ ਇੱਕ ਅਖ਼ਬਾਰ ਵਿੱਚ ਪੜ੍ਹਿਆ ਸੀ। ਇੱਕ ਸ਼ਹਿਰ ਵਿੱਚ ਇੱਕ ਔਰਤ ਨੇ ਸੁੱਖੀ ਦਾ ਭੂਤ ਵੇਖ ਲਿਆ। ਉਹ ਦਹਿਲ ਕੇ ਮਰ ਗਈ। ਮਰਨ ਤੋਂ ਪਹਿਲਾਂ ਉਹ ਉੱਚੀ-ਉੱਚੀ ਚੀਕੀ ਸੀ-

"ਭੂਤ ਆ ਗਿਆ...!!"

"ਗਹੁ ਨਾਲ ਵੇਖ! ਇਹ ਬਾਜ ਨਹੀਂ ਉੱਤਰਿਆ। ...ਉਹਦਾ ਭੂਤ ਐ...!" ਜਿਸ ਦਿਨ ਮੈਂ ਅੱਡੇ 'ਤੇ ਬਸ ਉੱਤਰਿਆ। ਮੈਨੂੰ ਵੇਖ ਲੋਕਾਂ ਦੀਆਂ ਅੱਖਾਂ ਵਿੱਚ ਖ਼ੌਫ਼ ਉੱਤਰ ਆਇਆ ਸੀ। ਮੈਂ ਜਿਸ ਨੂੰ ਵੀ ਬੁਲਾਉਂਦਾ। ਉਹ ਕਾਹਲੇ ਕਦਮੀਂ ਪਰ੍ਹਾਂ ਨੂੰ ਤੁਰ ਜਾਂਦਾ। ਪਿਆਰਾ ਬਾਣੀਆ ਮੈਨੂੰ ਵੇਖ ਦੁਕਾਨ ਦਾ ਸ਼ਟਰ ਸਿੱਟਣ ਲੱਗ ਪਿਆ। ਪਿੱਪਲ ਹੇਠਾਂ ਬੋਰੀ ਵਿਛਾਈ ਬੈਠਾ ਚੰਬਾ ਮੋਚੀ ਉੱਠ ਕੇ ਭੱਜ ਗਿਆ ਸੀ।

"ਚੱਲੋ ਭੱਜ ਲੋ ਫਟਾਫਟ!" ਜਾਨਕੀ ਦੀ ਨੂੰਹ ਨੇ ਜਵਾਕਾਂ ਨੂੰ ਅੰਦਰ ਵਾੜ ਦਰਵਾਜ਼ਾ ਬੰਦ ਕਰ ਲਿਆ। ਮੈਂ ਬਹੁਤ ਖੜਕਾਇਆ। ਪਰ ਹਰ ਘਰ ਦਾ ਦਰਵਾਜ਼ਾ ਮੇਰੇ ਲਈ ਬੰਦ ਹੋ ਚੁੱਕਾ ਸੀ। ਜਿਸ ਪਿੰਡ ਦੀ ਟਿਕਟ ਕਟਾਉਣ ਲੱਗਿਆਂ ਜਰਗ ਦੇ ਮੇਲੇ ਜਾਣ ਜਿੰਨਾ ਚਾਅ ਚੜ੍ਹਿਆ ਸੀ। ਉਸਦੀ ਜੂਹ ਵਿੱਚ ਪੈਰ ਰੱਖਦਿਆਂ ਹੀ ਮੈਂ ਬੇਗਾਨਾ ਹੋ ਗਿਆ। ਉਸ ਵਕਤ ਬੇਗਾਨਗੀ ਦੀ ਹੱਦ ਟੱਪ ਗਈ। ਜਦੋਂ ਪਿੰਡ ਦੀਆਂ ਗੱਲਾਂ ਸੁਣ ਗੋਲਡੀ ਸਰਪੰਚ ਇੱਕ ਤਾਂਤਰਿਕ ਨੂੰ ਬੁਲਾ ਲਿਆਇਆ।

ਮੈਨੂੰ ਗਹੁ ਨਾਲ ਵੇਖਦਾ ਹੋਇਆ ਉਹ ਪੁਲਿਸ ਵਾਲਿਆਂ ਵਾਂਗ ਹੱਸਿਆ, "ਇਹ ਤਾਂ ਕਿਸੇ ਖਾੜਕੂ ਦਾ ਭੂਤ ਲੱਗਦੈ..!"

"ਖੜ੍ਹਜਾ ਤੇਰੀ!" ਮੈਂ ਕੰਧ ਕੋਲ ਪਈ ਇੱਕ ਇੱਟ ਚੁੱਕ ਉਸਦੇ ਮੱਥੇ ਵਿੱਚ ਵਗਾਹ ਮਾਰੀ। ਖ਼ੂਨ ਦੀ ਤਤੀਰੀ ਪੈਂਦੀ ਵੇਖ ਸਾਰਾ ਪਿੰਡ ਭੱਜ ਗਿਆ। ਮੈਂ ਭੱਜੇ ਜਾਂਦੇ ਸਰਪੰਚ ਵੱਲ ਵੇਖ ਡਾ. ਪਵਿੱਤਰ ਦਾ ਦਰਵਾਜ਼ਾ ਜਾ ਖੜ੍ਹਕਾਇਆ ਸੀ। ਉਹ ਤਰਕਸ਼ੀਲ ਵਿਚਾਰਾਂ ਦਾ ਪੱਤਰਕਾਰ ਸੀ। ਮੇਰੀ ਮੌਤ ਦੀ ਕਹਾਣੀ ਸੁਣ ਉਸਨੇ ਪ੍ਰੈੱਸ ਕਾਨਫ਼ਰੰਸ ਸੱਦ ਲਈ ਸੀ। ਉਸ ਦੀਆਂ ਅਖ਼ਬਾਰਾਂ ਵਿੱਚ ਛਪੀਆਂ ਖ਼ਬਰਾਂ ਵਾਲਾ ਝੋਲਾ ਮੋਢੇ ਟੰਗੀ ਮੈਂ ਬਸ ਅੱਡੇ ਕੋਲ ਪਹੁੰਚ ਗਿਆ ਸੀ। ਪਿੰਡ ਨੂੰ ਸੁੱਤਾ ਪਿਆ ਛੱਡ ਮੈਂ ਉਸ ਥਾਂ ਉੱਪਰ ਜਾ ਕੇ ਖੜ੍ਹ ਗਿਆ। ਜਿੱਥੋਂ ਮੈਨੂੰ ਪੁਲਿਸ ਨੇ ਚੁੱਕਿਆ ਸੀ।

## 2. ਖੂਨ ਦਾ ਛਿੱਟਾ ਦੇਣ ਤੋਂ ਬਾਅਦ

ਉਸ ਦਿਨ ਸਵੇਰ ਦਾ ਸਮਾਂ ਸੀ। ਪਿਆਰਾ ਬਾਣੀਆ ਦੁਕਾਨ ਦਾ ਸ਼ਟਰ ਖੋਲ੍ਹ ਰਿਹਾ ਸੀ। ਚੰਬਾ ਮੋਚੀ ਬੋਰੀ ਉੱਪਰ ਸਮਾਨ ਚਿਣ ਰਿਹਾ ਸੀ। ਅੱਡੇ ਵਿੱਚ ਖੜ੍ਹੀਆਂ ਸਵਾਰੀਆਂ ਬਸ ਦੀ ਉਡੀਕ ਕਰ ਰਹੀਆਂ ਸਨ। ਮੈਂ ਪਿੰਡ ਦੇ ਨਾਂ ਵਾਲੇ ਮੀਲ-ਪੱਥਰ ਕੋਲ ਖੜ੍ਹਾ ਸੜਕ ਵੱਲ ਵੇਖ ਰਿਹਾ ਸੀ।

"ਅੱਜ ਤਾਂ ਜਮ੍ਹਾਂ ਈ ਬਾਪ ਵਰਗਾ ਬਣਿਆ ਖੜ੍ਹਾਂ ਜਵਾਨਾ..!" ਮੇਰੇ ਵੱਲ ਵੇਖ ਤਿਰਲੋਕ ਤਾਇਆ ਹੱਸਿਆ। ਉਸਦੇ ਹਾਸੇ ਵਿੱਚ ਫ਼ਿਕਰ ਰਲਿਆ ਹੋਇਆ ਸੀ। ਮੈਂ ਉਸਦਾ ਫ਼ਿਕਰ ਪਛਾਣ ਲਿਆ, "ਤੇਰੀ ਨਿਗਾਹ 'ਚ ਫ਼ਰਕ ਐ ਤਾਇਆ! ਵੇਖ! ..ਇਹ ਮੈਂ ਨਹੀਂ! ..ਬਾਪੂ ਈ ਖੜ੍ਹੀ..!"

"ਗੱਲ ਤੇਰੀ ਇਹ ਵੀ ਠੀਕ ਐ ਬੱਲਿਆ...!" ਸਹਿਮਤੀ ਵਿੱਚ ਸਿਰ ਹਿਲਾਉਂਦਾ ਉਹ ਲੰਘ ਰਹੀਆਂ ਗੱਡੀਆਂ ਵੱਲ ਵੇਖਣ ਲੱਗਾ। ਮੈਂ ਪੁਲਿਸ ਦੀ ਜੀਪ ਵੱਲ ਵੇਖਣ ਲੱਗਿਆ। ਉਹ ਗਸ਼ਤ ਕਰਦੀ ਆ ਰਹੀ ਸੀ। ਉਸ ਵੱਲ ਵੇਖ ਮੇਰਾ ਹੱਥ ਮੋਢੇ ਟੰਗੇ ਝੋਲੇ ਵੱਲ ਨੂੰ ਸਰਕਣ ਲੱਗ ਪਿਆ। ਉਸ ਵਿੱਚ ਬਾਪੂ ਦੀ ਖ਼ਬਰ ਸੀ। ਪ੍ਰੀਤੀ ਦੇ ਸਸਕਾਰ ਦੀ ਖ਼ਬਰ ਸੀ। ਉਸ ਵਿੱਚ ਮੇਰੀ! ਆਪਣੀ ਖ਼ਬਰ ਯਾਦ ਕਰ ਮੈਂ ਝੋਲੇ ਨੂੰ ਘੁੱਟ ਕੇ ਹੱਥ ਪਾ ਲਿਆ। ਮੇਰੇ ਪੈਰ ਪਿਛਾਂਹ ਨੂੰ ਹਟਣ ਲੱਗੇ। ਪੁੱਠੇ ਪੈਰੀਂ ਤੁਰਦਾ ਮੈਂ ਦੁਕਾਨ ਦੀ ਕੰਧ ਨਾਲ ਜਾ ਲੱਗਿਆ।

"ਕੰਧ ਨਾਲ ਨਾ ਲੱਗ ਤਾਇਆ! ਤੇਰਾ ਚਿੱਟਾ ਕੁੜਤਾ ਖ਼ਰਾਬ ਹੋਜੂ!" ਉਸ ਦਿਨ ਤਿਰਲੋਕ ਤਾਏ ਨੇ ਜਿਹੜੀ ਗੱਲ ਮੈਨੂੰ ਆਖੀ ਸੀ, ਮੈਂ ਉਸ ਨੂੰ ਆਖਣ ਲੱਗਾ ਪਰ ਅੱਡਾ ਖ਼ਾਲੀ ਸੀ। ਸੰਘਣੀ ਚੁੱਪ ਨਾਲ ਟਕਰਾ ਮੇਰੀ ਆਵਾਜ਼ ਮੇਰੇ ਵੱਲ ਨੂੰ ਹੀ ਪਰਤ ਆਈ। ਮੈਂ ਖ਼ਾਲੀ ਅੱਖਾਂ ਨਾਲ ਤੀਹ ਸਾਲ ਪਹਿਲਾਂ ਵਾਪਰੀ ਘਟਨਾ ਵੇਖਣ ਲੱਗਾ। ਚਿੱਟਾ ਕੁੜਤਾ ਪਜਾਮਾ। ਧੌੜੀ ਦੀ ਜੁੱਤੀ। ਕੇਸਰੀ ਦਸਤਾਰ। ਕਾਲੀ ਲੋਈ ਦੀ ਬੁੱਕਣ ਮਾਰੀ ਮੈਂ ਬਾਪੂ ਵਾਂਗ ਖੜ੍ਹਾ ਸੀ। ਸੜਕ ਦੇ ਉਸ ਪਾਰ ਪੁਲਿਸ ਦੀ ਜੀਪ ਖੜ੍ਹੀ ਸੀ। ਉਸ ਕੋਲ ਖੜ੍ਹਾ ਥਾਣੇਦਾਰ ਮੈਨੂੰ ਤਾੜ ਰਿਹਾ ਸੀ।

"ਔਹ ਦੇਖ ਰਹੇ ਓ ਨਾ! ਜਿਹੜਾ ਮੁੰਡਾ ਖੜ੍ਹੈ! ਉਹਨੂੰ ਬੁਲਾ ਕੇ! ਲਿਆਓ..!" ਮੇਰੇ ਵੱਲ ਹੱਥ ਕਰ ਉਸਦੇ ਬੁੱਲ੍ਹ ਫਰਕੇ। ਮੈਂ ਉਸਦੀ ਗੱਲ ਸੁਣ ਲਈ। ਸਵਾਰੀਆਂ ਡਰੀਆਂ ਨਜ਼ਰਾਂ ਨਾਲ ਵੇਖਣ ਲੱਗੀਆਂ। ਮੈਂ ਉਹਨਾਂ ਵੱਲ ਘਾਤ ਲਾ ਕੇ ਵੇਖਣ ਲੱਗਾ। ਚਾਰ ਸਿਪਾਹੀ ਅੱਡੇ ਵੱਲ ਨੂੰ ਤੁਰ ਪਏ। ਉਹਨਾਂ ਦੇ ਦਹਿਸ਼ਤੀ ਕਦਮ ਮੇਰੇ ਕੋਲ ਆ ਕੇ ਰੁਕ ਗਏ, "ਕਾਕਾ! ਚੱਲ ਤੈਨੂੰ ਸਰਦਾਰ ਨੇ ਬੁਲਾਇਆ ਬੁਲਾਇਆ...!"

"ਚੱਲੋ...!" ਮੈਨੂੰ ਤੁਰਿਆ ਜਾਂਦਾ ਵੇਖ ਤਿਰਲੋਕ ਤਾਏ ਦੇ ਮੂੰਹ ਵਿੱਚੋਂ 'ਵਾਹਿਗੁਰੂ ਭਲੀ ਕਰੀਂ' ਨਿਕਲਿਆ।

ਉਸਦਾ ਹਉਂਕਾ ਸੁਣ ਮੈਂ ਮੁਸਕਰਾ ਕੇ ਪਿੱਛੇ ਵੇਖਿਆ। ਹਰ ਸਵਾਰੀ ਦੇ ਚਿਹਰੇ ਉੱਪਰ ਖ਼ੌਫ਼ ਸੀ। ਮੈਂ ਬੇਖ਼ੌਫ਼ ਤੁਰਦਾ ਥਾਣੇਦਾਰ ਅੱਗੇ ਜਾ ਕੇ ਖੜ੍ਹ ਗਿਆ।

ਉਹ ਜੀਪ ਦੀ ਅਗਲੀ ਟਾਕੀ ਨਾਲ ਢੋਅ ਲਾਈ ਖੜ੍ਹਾ ਸੀ। ਉਸ ਦੀਆਂ ਅੱਖਾਂ ਸ਼ਿਕਾਰੀ ਵਰਗੀਆਂ ਸਨ।

ਮੇਰੀਆਂ ਅੱਖਾਂ ਵਿਚਲੀ ਲਿਸ਼ਕ ਵੇਖ ਉਸਨੇ ਪਰ੍ਹਾਂ ਨੂੰ ਮੂੰਹ ਭੁਆ ਲਿਆ। ਜਦੋਂ ਦੁਬਾਰਾ ਮੇਰੇ ਵੱਲ ਝਾਕਿਆ। ਉਸ ਦੀਆਂ ਅੱਖਾਂ ਵਿੱਚ ਗਹਿਰ ਉੱਤਰ ਆਈ। ਮੱਥੇ ਵਿੱਚ ਤਿਊੜੀ ਉੱਭਰ ਆਈ। ਮੈਨੂੰ ਗਹੁ ਨਾਲ ਵੇਖਦਾ ਹੋਇਆ ਉਹ ਪੁੱਛਣ ਲੱਗਾ, "ਹਾਂ ਬਈ ਸਿੰਘਾ! ਕਿੱਥੇ ਦਾ ਏਂ ਤੂੰ ..!"

"ਜੀ ਇੱਥੋਂ ਦਾ ਈ ਆਂ...!" ਉਸਦੀ ਅੱਖ ਵਿੱਚ ਅੱਖ ਪਾ ਮੈਂ ਉੱਡਦੇ ਬਾਜ ਵਾਂਗ ਝਾਕਿਆ।

ਉਹ ਮੇਰੀ ਝਾਕਣੀ ਤੋਂ ਕਣਤਾ ਗਿਆ। ਉਸਦੇ ਚਿਹਰੇ ਦਾ ਰੰਗ ਬਦਲਣ ਲੱਗਾ। ਮੈਨੂੰ ਸਿਰ ਤੋਂ ਪੈਰਾਂ ਤੱਕ ਵੇਖਦਾ ਹੋਇਆ ਉਹ ਸੁੱਕੀ ਦੀ ਥਾਂ ਗਿੱਲੀ ਬਾਲਣ ਲੱਗਾ, "ਕੀ ਗੱਲ! ਬੜਾ ਭਿੰਡਰਾਂ ਆਲਾ ਬਣਿਆ ਫਿਰਦੈਂ...!"

"ਉਹ ਤਾਂ ਜੀ ਮਹਾਨ ਸੰਤ ਸਨ। ...ਮੈਂ ਤਾਂ ਇੱਕ ...!" ਮੇਰੀ ਗੱਲ ਸੁਣ ਉਹ ਅੱਗ ਵਾਂਗ ਭੜਕ ਪਿਆ।

ਉਸਨੇ ਸੰਤਾਂ ਦਾ ਨਾਂ ਲੈ ਤਿੰਨ-ਚਾਰ ਗਾਲ੍ਹਾਂ ਕੱਢੀਆਂ। ਮੈਂ ਧੁਰ ਤੱਕ ਹਿੱਲ ਗਿਆ। ਉਹ ਮੇਰੇ ਬਾਪੂ ਨੂੰ ਗਾਲ੍ਹਾਂ ਕੱਢਣ ਲੱਗਾ। ਮੇਰੀਆਂ ਮੁੱਠੀਆਂ ਮਿਚ ਗਈਆਂ। ਜਦੋਂ ਉਹ ਮਾਂ ਦੀਆਂ ਗਾਲ੍ਹਾਂ ਕੱਢਣ ਲੱਗਾ। ਮੇਰੀਆਂ ਅੱਖਾਂ ਵਿੱਚ ਖੂਨ ਉਤਰਨ ਲੱਗਾ। ਗੋਰਾ ਰੰਗ ਕੇਸਰੀ ਹੋ ਗਿਆ। ਮੈਂ ਉਸ ਵੱਲ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਵੇਖਣ ਲੱਗਾ।

"ਅੱਖ ਨੀਵੀਂ ਕਰ ਕਾਕਾ! .. ਮੇਰਾ ਖ਼ੌਫ਼ ਖਾ!" ਹੱਥ ਦੀ ਉਂਗਲ ਸਿੱਧੀ ਕਰ ਉਹ ਐਨੀ ਉੱਚੀ ਬੋਲਿਆ।

ਬਸ ਅੱਡੇ ਵਿੱਚ ਸੰਨਾਟਾ ਛਾ ਗਿਆ। ਉਹ ਸਿਪਾਹੀਆਂ ਵੱਲ ਵੇਖ ਗਰਜਿਆ, "ਢਾਹ ਲਓ ਓਏ ਇਹਨੂੰ..!"

"ਨਾ ਤੈਨੂੰ ਸਮਝ ਨੀ ਆਉਂਦੀ..!" ਉਹਨਾਂ ਨੇ ਮੈਨੂੰ ਸੜਕ ਉੱਪਰ ਹੀ ਮੂਧਾ ਪਾ ਲਿਆ। ਲੱਤਾਂ ਚੱਲਣ ਲੱਗੀਆਂ। ਠੇਡੇ ਵੱਜਣ ਲੱਗੇ। ਬੰਦੂਕਾਂ ਦੇ ਵੱਟਾਂ ਨਾਲ ਡੰਡਾ ਵਰਨ ਲੱਗਿਆ। ਮੇਰੀ ਦਸਤਾਰ ਲਹਿ ਗਈ। ਲੋਈ ਉੱਤਰ ਗਈ। ਕੁੜਤਾ ਪਜਾਮਾ ਪਾਟ ਗਿਆ। ਮੈਂ ਲਹੂ-ਲੁਹਾਣ ਹੋ ਗਿਆ।

**ਚਲਦਾ...**

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

**4 ਮਈ 1987, ਸੋਮਵਾਰ**
**ਗੁਰੂ ਸਰ ਗੱਦਾਂ ਡੋਬ**

8 ਵਜੇ ਸੰਤ ਦੀਦਾਰ ਸਿੰਘ ਅਤੇ ਮੈਂ ਡੱਬਵਾਲੀ ਦੀ ਬੱਸ ਲੈ ਕੇ ਡੱਬਵਾਲੀ ਤੇ ਫਿਰ ਮਲੋਟ ਪਹੁੰਚੇ। ਮਲੋਟੋਂ ਟੈਂਪੂ ਕਰਾਏ ਤੇ ਕਰਾ, 16 ਕਿਲੋਮੀਟਰ ਦੂਰ ਪੈਂਦੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਿਲ ਮਾਤਾ ਭੁਪਿੰਦਰ ਕੌਰ ਜੀ ਦੇ ਪਿੰਡ ਗੁਰੂਸਰ ਗੱਦਾਂ ਗਏ। ਏਥੇ ਅਸਾਂ ਸ. ਭੁਪਿੰਦਰ ਸਿੰਘ ਸੁਖਦੇਵ, ਵਰਤਮਾਨ ਸਤਿਗੁਰੂ ਜੀ ਦੇ ਛੋਟੇ ਮਸੇਰੇ ਭਾਈ ਨੂੰ ਮਿਲਣਾ ਸੀ ਅਤੇ ਉਹ ਘਰ ਵਿਚ ਹੀ ਸੀ। ਇਸ ਦੇ ਲੜਕੇ ਜਗਸੀਰ ਸਿੰਘ ਨੇ ਪਿੰਡੋਂ ਬਾਹਰ ਹੀ ਸਾਨੂੰ ਵੇਖਕੇ ਸਾਡੀ ਅਗਵਾਈ ਕੀਤੀ, ਅੱਜ ਇਸਦਾ ਛੋਟਾ ਲੜਕਾ ਵੀ ਇਥੇ ਹੀ ਸੀ ਜੁ P.A.P ਵਿੱਚ ਮੁਲਾਜ਼ਮਤ ਕਰਦਾ ਹੈ।

ਸ. ਭੁਪਿੰਦਰ ਸਿੰਘ ਦੇ ਮੈਨੂੰ ਇਕੱਲਿਆਂ ਲੈ ਜਾ ਕੇ ਆਖਿਆ , ਜੋ ਲੋਕ ਤੁਹਾਡੇ ਨਾਲ ਆਉਂਦੇ ਹਨ ਮੈਂ ਉਹਨਾਂ ਦੇ ਰੂ-ਬ-ਰੂ ਤਾਂ ਕੁਝ ਵੀ ਕਰਨ ਨੂੰ ਤਿਆਰ ਨਹੀਂ, ਪਰ ਜੇ ਤੁਸੀਂ ਕੋਈ ਕਾਗਜ਼ ਬਣਵਾ ਕੇ ਲੈ ਆਓ ਤਾਂ ਮੈਂ ਤੁਹਾਨੂੰ ਆਪਣੇ ਹੇਠਲੀ ਪਿਤਾ ਦੀ ਦਾਨ ਕੀਤੀ ਹੋਈ ਜ਼ਮੀਨ ਤੋਂ ਦਸਤਬਰਦਾਰੀ ਤੇ ਦਸਤਖ਼ਤ ਕਰਦਿਆਂ ਗਾ। ਹਾਂ, ਇਹ ਗੱਲ ਵਧੇਰੇ ਚੰਗੇਰੀ ਰਹੇਗੀ ਕਿ ਸ੍ਰੀ ਸਤਿਗੁਰੂ ਜੀ, ਲੋੜੀਂਦੇ ਕਾਗਜ਼ ਤਿਆਰ ਕਰਵਾ ਕੇ ਆਪਣੇ ਸਾਹਮਣੇ ਮੇਰੇ ਦਸਤਖ਼ਤ ਕਰਵਾ ਦੇਣ।

ਅੱਜ ਇਸ ਸਰਦਾਰ ਦੀ ਪਤਨੀ ਬੀਬੀ ਗੁਲਾਬ ਕੌਰ ਵੀ ਘਰੇ ਸੀ। ਵੱਡੇ ਲੜਕੇ ਬਾਰੇ ਮੇਰੇ ਸਹਿਪਾਠੀ ਸੁਖਦੇਵ ਨੇ ਦੱਸਿਆ ਕਿ ਉਹ ਸ਼ਰਾਬ ਪੀਂਦਾ ਹੈ ਅਤੇ ਵਹੁਟੀ ਨੂੰ ਕੁੱਟਦਾ ਹੈ। ਵਹੁਟੀ ਅੱਜ ਏਥੇ ਨਹੀਂ ਸੀ। ਮੈਂ ਸ. ਭੁਪਿੰਦਰ ਸਿੰਘ ਨੂੰ ਆਖਿਆ ਕਿ ਜੇ ਉਹ ਪਰਵਾਨ ਕਰੇ ਤਾਂ ਗੁਰੂ ਘਰ ਉਨ੍ਹਾਂ ਦੋਹਾਂ ਜੀਆਂ ਦੀ ਹੁਣ ਬੁੱਢਾਪੇ (67) ਸਮੇਂ ਉਨ੍ਹਾਂ ਦੀ ਸੇਵਾ ਸੰਭਾਲ ਦੀ ਜ਼ਿੰਮੇ ਵਾਰੀ ਲੈ ਸਕਦਾ ਹੈ।

ਬਾਅਦ ਵਿਚ ਮੈਂ ਅਤੇ ਦੀਦਾਰ ਸਿੰਘ ਨੇ ਫੈਸਲਾ ਕੀਤਾ ਕਿ ਚੰਗਾ ਏਹੋ ਰਹੇਗਾ ਸ੍ਰੀ ਸਤਿਗੁਰੂ ਜੀ ਉਸਨੂੰ, ਜਦੋਂ ਜੀਵਨ ਨਗਰ ਆਉਣ, ਬੁਲਾ ਲੈਣ ਅਤੇ ਜ਼ਮੀਨ ਤੋਂ ਦਸਤ ਬਰਦਾਰੀ ਅਤੇ ਗਰਦਾਵਰੀ ਦੇ ਹੱਲ ਵਿਚ ਸਹੀ ਪੁਆ ਲੈਣ।

ਮੇਰੇ ਪਾਸ ਇਕ ਪੁਸਤਕਾਂ ਦਾ ਖਰੜਾ ਮਾਤਾ ਭੁਪਿੰਦਰ ਕੌਰ ਜੀ ਬਾਰੇ ਸੀ ਉਹ ਮੈਂ ਸੁਖਦੇਵ ਸਿੰਘ ਦੇ ਚਚੇਰੇ ਭਾਈ ਸ. ਰਾਜਿੰਦਰ ਸਿੰਘ ਪਾਸ ਜਾ ਕੇ ਸੁਖਦੇਵ ਸਿੰਘ ਦੇ ਹੁੰਦਿਆਂ ਪੜ੍ਹਿਆ ਅਤੇ ਜਿਥੇ ਕਿਤੇ ਨਾਮ ਦੀ ਗਲਤੀ ਸੀ ਉਸਨੂੰ ਠੀਕ ਕੀਤਾ। ਸ. ਰਜਿੰਦਰ ਸਿੰਘ ਜੁ ਕਦੇ ਸਤਿਜੁਗ ਮਾਸਿਕ ਦਾ ਸੰਪਾਦਕ ਸੀ, ਮੇਰੀ ਲਿਖਤ ਸੁਣਕੇ ਬਲਿਹਾਰ ਗਿਆ ਸ. ਸੁਖਦੇਵ ਸਿੰਘ ਨੇ ਵੀ ਸ਼ਬਦਾਵਲੀ ਅਤੇ ਭਾਵਾਂ ਦੀ ਮੁਕਤ ਕੰਠ ਪ੍ਰਸੰਸਾ ਕੀਤੀ।

ਮੈਂ ਅਤੇ ਦੀਦਾਰ ਸਿੰਘ ਏਥੋਂ ਚੱਲ ਕੇ ਸਿਰਸੇ ਪਹੁੰਚ ਗਏ। ਉਸਨੇ ਤਾਂ ਸਵੇਰੇ ਸਿਰਸੇ ਤਾਰੀਖ ਤੇ ਆਉਣਾ ਸੀ ਉਹ ਰਾਤ ਸਿਰਸੇ ਹੀ ਰਹਿ ਪਿਆ ਮੈਂ ਰਾਣੀਆਂ ਜਾਣ ਲਈ 7 ਵਜੇ ਕਰੀਵਾਲੇ ਵਾਲੀ ਬੱਸ ਲੈ ਲਈ। ਰਾਤ ਦਾਮਾਦ ਬਲਬੀਰ ਸਿੰਘ ਢਿੱਲੋਂ ਅਤੇ ਪੁੱਤਰੀ ਉਪਮੇਸ਼ ਕੌਰ ਕੋਲ ਆ ਰਿਹਾ।

## 5 ਮਈ 1987 ਮੰਗਲਵਾਰ
## ਨਕੋੜਾ (ਸਿਰਸਾ)

ਰਾਣੀਆਂ ਦੇ ਸ੍ਰੀ ਓਮ ਪ੍ਰਕਾਸ਼ ਬਾਂਸਲ ਨੂੰ ਆਪਣੇ ਮਿੱਤਰ ਸ੍ਰੀ ਰਾਮ ਸਰੂਪ ਬਾਂਸਲ ਬਾਰੇ ਕੁਆ ਕੇ, ਗੋਰੇ ਨੰਗਲ ਦੇ ਸੰਤ ਮਹਿੰਦਰ ਸਿੰਘ, ਪ੍ਰੀਤਮ ਕੌਰ ਕੇ ਪਰਿਵਾਰ ਨੂੰ ਮਿਲ ਸੰਤ ਨਗਰ ਅਤੇ ਜੀਵਨ ਨਗਰ ਵਿਚ ਥੋੜਾ ਸਮਾਂ ਦੇ ਕੇ ਲਉਢੇ ਵੇਲੇ ਮੁੜ ਨਕੋੜੇ ਚਲਾ ਗਿਆ ਸੰਤ ਨਗਰ ਤੋਂ ਹੀ ਮੈਨੂੰ ਸ. ਕੁਲਦੀਪ ਸਿੰਘ ਪਥਰੀ ਵਾਲਿਆਂ ਦੀ ਮਾਤਾ ਗੁਰਦੀਪ ਕੌਰ, ਪਤਨੀ ਸੁਖਬੀਰ ਅਤੇ ਸਵਰਗਵਾਸੀ ਸ. ਖਜ਼ਾਨ ਸਿੰਘ ਪੱਧਰੀ ਦੀ ਪਤਨੀ ਮਿਲ ਪਏ। ਬੱਸ ਦੁਆਰਾ ਨਕੋੜਾ ਸੜਕ ਅਤੇ ਅਗੋਂ ਰਿਕਸ਼ਾ ਲੈ ਕੇ ਪਿੰਡ ਪਹੁੰਚੇ।

ਮੈਂ ਸ. ਕੁਲਦੀਪ ਸਿੰਘ ਦੇ ਪਿਤਾ ਸ. ਹਰਬੰਸ ਸਿੰਘ ਨੂੰ ਮਿਲਕੇ ਸ. ਮਹਿੰਦਰ ਸਿੰਘ ਬੱਲ ਦੀ ਕੋਠੀ ਵਿੱਚ ਆ ਠਹਿਰਿਆ। ਕੋਈ 10 ਮਿੰਟ ਬਾਅਦ ਸ. ਮਹਿੰਦਰ ਸਿੰਘ ਬੱਲ ਅਤੇ ਬੀਬੀ ਬਸੰਤ ਕੌਰ ਮੋਟਰ ਸਾਈਕਲੋਂ ਆ ਲੱਥੇ। ਇਹ ਹੁਣ ਤਾਂ ਆਪਣੇ ਸੈਲਰੋਂ ਆਏ ਸਨ ਪਰ ਅੱਜ ਹੀ ਇਹ ਭੈਣੀ ਸਾਹਿਬ ਤੋਂ ਪਰਤੇ ਸਨ।

ਸ. ਬੱਲ ਨੇ ਦੱਸਿਆ ਕਿ ਭੈਣੀ ਸਾਹਿਬ ਦੇ ਅਕਾਡਮੀ ਸਕੂਲ ਵਿਚ ਅੱਜ ਕੱਲ੍ਹ 111 ਬੱਚੇ ਸਿੱਖਿਆ ਪ੍ਰਾਪਤ ਕਰ ਰਹੇ ਹਨ ਜਿਨ੍ਹਾਂ ਵਿਚੋਂ 57 ਬੱਚੇ ਤਾਂ ਰਿਹਾਇਸ਼ੀ ਹੀ ਹਨ। ਸਾਡਾ ਪੋਤਰਾ ਵੀ ਮਾਂ ਮਿਲਣੀ ਲਈ ਤਾਂ ਸਹਿਕਦਾ ਹੀ ਸੀ। ਅੱਜ ਕੱਲ੍ਹ ਡੇਰੇ ਵਾਲੀਆਂ ਬੀਬੀਆਂ ਹੀ ਉਨ੍ਹਾਂ ਦੀਆਂ ਪ੍ਰਤਿ ਪਾਲਕ ਹਨ। ਹੌਲੀ-ਹੌਲੀ ਗੱਡੀ ਲੀਹ ਤੇ ਆ ਜਾਵੇਗੀ। ਥੋੜ੍ਹੇ ਹੀ ਬੱਚੇ ਵਾਪਸ ਆਏ ਹਨ।

ਮੈਂ ਸ. ਬੱਲ ਵੱਲੋਂ ਮੈਨੂੰ ਹੈਰਾਨੀ ਹੋਈ, ਉਸਨੇ ਆਉਂਦਿਆਂ ਪੁੱਤਰੀ ਅਜੀਤ ਤੋਂ ਸੈਲਰ ਤੇ ਫੋਨ ਕਰਵਾਇਆ ਕਿ ਇਕ ਤੋੜਾ ਸੇਲਾ ਚਾਵਲ ਦਾ ਸਿਉਂਕੇ ਕਵੀ ਹੁਰਾਂ ਲਈ ਭੇਜ ਦਿਓ। ਪਿਛਲੇਰੀ ਮਿਲਣੀ ਸਮੇਂ ਮੈਂ ਇਹਨਾਂ ਦੀ ਨਾਮਧਾਰੀ ਰਾਈਸ ਮਿੱਲ ਵੇਖਣ ਗਿਆ ਸਾਂ ਤਾਂ ਇਹਨਾਂ ਮੇਰੇ ਨਾਲ ਸਨੇਹ ਵਜੋਂ ਚਾਵਲ ਦੇਣ ਲਈ ਕਿਹਾ ਸੀ ਪਰ ਮੈਂ ਹੀ ਉਹ ਨਹੀਂ ਸੀ ਲਏ ਸਿੱਧਿਆਂ ਦਿੱਲੀ ਨਾ ਜਾਣ ਕਾਰਨ। ਇਹਨਾਂ ਯਾਦ ਰੱਖਿਆ ਕਿ ਅੱਜ ਮੈਂ ਸਿੱਧਾ ਦਿਲੀ ਜਾ ਰਿਹਾ ਸਾਂ। ਸਵੇਰੇ ਜਦੋਂ ਮੈਂ ਦਿੱਲੀ ਤੁਰਾਂਗਾ 30 ਕਿਲੋਮੀਟਰ ਨਾਲ ਹੋਣ ਗੇ।

ਸ਼ਾਮੀ ਮੈਂ ਸ. ਬੱਲ ਨਾਲ ਉਹਨਾਂ ਦੇ ਖੇਤਾਂ ਵਿਚ ਗਿਆ। ਉਹਨਾਂ ਨੇ ਏਥੇ 9 ਏਕੜ ਦੇ ਟੱਕ ਵਿਚ 2 ਏਕੜ ਕਿੰਨੂ ਅਤੇ 4 ਏਕੜ ਅੰਗੂਰ ਲੱਗੇ ਹੋਏ ਹਨ। ਇਨ੍ਹਾਂ ਦੇ ਦੋ ਖੇਤ 32000/ ਤੋਂ ਵਿਕੇ ਸਨ ਪਰ ਠੇਕੇਦਾਰ ਨੂੰ ਕੁਛ ਹੋਰ ਘਾਟਾ ਪੈ ਜਾਣ ਕਾਰਨ 10 ਹਾਜ਼ਰ ਰੁਪੈ ਘੱਟ ਦਿੱਤੇ।

ਸ੍ਰੀ ਸਤਿਗੁਰੂ ਜੀ ਅੰਗੂਰਾਂ ਦੀ ਖੇਤੀ ਲਈ ਜੀਵਨ ਨਗਰ ਦੇ ਇਲਾਕੇ ਨੂੰ ਏਸੇ ਲਈ ਪ੍ਰੇਰ ਰਹੇ ਹਨ ਕਿ ਕਿਸਾਨਾਂ ਦੀ ਆਮਦਨ ਥੋੜੇ ਵਿਚੋਂ ਬਹੁਤੀ ਹੋਵੇ। ਹਰਿਆਣਾ ਸਰਕਾਰ ਅੰਗੂਰਾਂ ਵਾਲਿਆਂ ਨੂੰ 36000/ ਪ੍ਰਤੀ ਏਕੜ ਲੋਨ ਦਿੰਦੀ ਹੈ ਜਿਸਦੀ ਵਾਪਸੀ ਉਸਨੇ 3 ਸਾਲ ਤੋਂ ਪਿਛੋਂ ਕਿਸ਼ਤਵਾਰ ਲੈਣੀ ਹੁੰਦੀ ਹੈ।

## 6 ਮਈ 1987, ਬੁੱਧਵਾਰ
## ਨਵੀਂ ਦਿੱਲੀ

ਮੈਂ ਸਰਸਿਓਂ 9:30 ਦਾ ਚੱਲਿਆ ਹੋਇਆ ਦਿੱਲੀ 3 ਵਜੇ ਪੁੱਜ ਗਿਆ। ਘਰ ਆਉਂਦਿਆਂ ਹੋਰ ਚਿੱਠੀ ਪੱਤਰ ਤੋਂ ਇਲਾਵਾ ਇਕ ਨਿਮੰਤ੍ਰਣ ਪੱਤਰ, ਅੰਗਰੇਜ਼ੀ ਵਿਚ ਛਪਿਆ ਸ਼ਹੀਦ ਸਿੰਘ ਮੈਮੋਰੀਅਲ ਸਕੂਲ ਵਲੋਂ ਸੀ। ਇਸ ਪੱਤਰ ਅਨੁਸਾਰ 2 ਮਈ ਨੂੰ ਸਵੇਰ 8:30 ਵਜੇ ਸਕੂਲ ਵਿਚ ਸ਼ਹਿਰੀ ਜਹਾਜ਼ਰਾਨੀ ਸਟੇਟ ਮਨਿਸਟਰ ਸ੍ਰੀ ਜਗਦੀਸ਼ ਟਾਈਟਲਰ ਨੇ ਬੱਚਿਆਂ ਨੂੰ ਇਨਾਮ ਵੰਡਣੇ ਸਨ। ਅਤੇ ਇਹ ਕਾਰਜ ਹੋ ਚੁੱਕਾ ਸੀ।

## 7 ਮਈ 1987 ਸ਼ਨੀਵਾਰ
## ਨਵੀਂ ਦਿੱਲੀ

ਮੈਂ ਕੋਠੀ ਪੂਸਾ ਰੋਡ ਨੂੰ ਫੋਨ ਡਾਇਲ ਕੀਤਾ ਤਾਂ ਸੰਤ ਹਰਭਜਨ ਸਿੰਘ ਸਟੈਨੋ ਨੇ ਮੇਰੀ ਪੁੱਛ ਤੇ ਦੱਸਿਆ ਕਿ ਸਤਿਗੁਰੂ ਜੀ

ਕੱਲ੍ਹ ਸ਼ਾਮ ਨੂੰ ਦਰਸ਼ਨ ਦੇ ਰਹੇ ਹਨ।

2 ਵਜੇ ਦੁਪਹਿਰੇ ਦੂਰ ਫੋਨ ਦੀ ਟੱਲੀ ਖੜਕੀ। ਮੈਂ ਰੀਸੀਵਰ ਉਠਾਇਆ। ਗੁਰਭਜਨ ਸਿੰਘ, ਸਤਿਗੁਰੂ ਜੀ ਦਾ ਸਾਬਕਾ ਸਕੱਤਰ ਬੋਲਿਆ, ਇਕ ਗਰਮਾ ਗਰਮ ਖ਼ਬਰ ਸੁਣਾਵਾਂ ਖੜਕ ਸਿੰਘ ਭਮਰਾ ਦੇ ਛੋਟੇ ਲੜਕੇ ਪਲਵਿੰਦਰ ਸਿੰਘ ਨੇ ਕੱਲ੍ਹ ਕੋਰਟ ਮੈਰਿਜ ਕਰਵਾ ਲਈ ਹੈ।

ਕਿਸ ਨਾਲ ਮੈਂ ਬੋਲਿਆ।

ਭਮਰਾ ਜੀ ਦੇ ਪਹਿਲੇ ਕੁੜਮ ਸ. ਸਵਰਨ ਸਿੰਘ ਸੋਖੀ ਦੀ ਭਣੇਵੀਂ ਨਾਲ। ਬਾਕਾਇਦਾ ਵਿਆਹ ਫੇਰ ਕਰਨਗੇ।

ਗੁਰਭਜਨ ਸਿੰਘ ਨੇ ਦੱਸਿਆ ਕਿ ਪਹਿਲਾਂ ਭਮਰੇ ਨੇ ਇਸਨੂੰ ਸ. ਸਿਮਰਨ ਸਿੰਘ ਸਾਹਿਬਾਬਾਦ ਦੀ ਲੜਕੀ ਨਾਲ ਪਲਵਿੰਦਰ ਦੀ ਸ਼ਾਦੀ ਪੱਕੀ ਕਰਨ ਵਾਸਤੇ ਇਸਨੂੰ ਆਖਿਆ ਟੈਲੀਫੋਨ ਤੇ ਅਤੇ ਸਾਰੀ ਗੱਲਬਾਤ ਤੈਅ ਕਰਕੇ ਫੋਨ ਤੇ ਪਰਵਾਨਗੀ ਵੀ ਦੇ ਦਿੱਤੀ ਪਰ ਗੁਰਭਜਨ ਸਿੰਘ ਨੇ ਇਸ ਬਾਰੇ ਉਸਨੂੰ ਚਿੱਠੀ ਲਿਖਣ ਲਈ ਪੱਕੀ ਕੀਤੀ। ਪਰ ਉਹ ਚਿੱਠੀ ਅਜੇ ਤੱਕ ਨਹੀਂ ਆਈ ਪਰ ਅੱਜ ਇਹ ਖ਼ਬਰ ਸੁਣਨ ਨੂੰ ਮਿਲ ਗਈ।

## 10 ਮਈ 1987 ਐਤਵਾਰ
## ਨਵੀਂ ਦਿੱਲੀ

ਮੇਰੀ ਡਾਕ ਵਿਚ 5-4 ਦਿਨ ਪਹਿਲੀਆਂ ਆਈਆਂ ਪਟਿਆਲੇ ਤੋਂ ਦੋ ਚਿੱਠੀਆਂ ਕਿਤੇ ਉਲਝ ਗਈਆਂ। ਮੇਰੀ ਪਕੜ ਵਿਚ ਉਹ ਆਈਆਂ ਤੇ ਉਨ੍ਹਾਂ ਦੇ ਉੱਤਰ ਲਿਖੇ। ਇਕ ਚਿੱਠੀ ਪ੍ਰੋ. ਕਸੇਲ ਦੀ 22-4-87 ਦੀ ਲਿਖੀ ਸੀ ਜਿਸ ਵਿਚ ਉਨ੍ਹਾਂ ਮੈਨੂੰ "ਹਰੀ ਸਿੰਘ ਸਤਿਗੁਰੂ" ਅਤੇ "ਕੂਕਾ ਲਹਿਰ" ਨਾਮ ਦੀਆਂ ਐਟਰੀਆਂ ਬਾਰੇ ਭਾਸ਼ਾ ਵਿਭਾਗ ਨੂੰ ਲੇਖ ਅਤੇ ਫੋਟੋ ਭੇਜਣ ਦੀ ਗੱਲ ਸੀ, ਦੂਜੇ ਵਿਚ ਡਾ. ਪ੍ਰਤਾਪ ਸਿੰਘ ਛਿਆਸੀ ਸਾਲਾ ਬਜ਼ੁਰਗ ਨੇ ਪਟਿਆਲੇ ਵਿਚੋਂ ਲਿਖਿਆ ਸੀ-

"ਬਸਾਖੀ ਦਾ ਜੇ ਅਗਾਊਂ ਗਿਆਨ ਹੁੰਦਾ ਮੈਂ ਅਵਸ਼ ਸ੍ਰੀ ਭੈਣੀ ਸਾਹਿਬ ਪਹੁੰਚਦਾ। ਅੰਗਰੇਜ਼ੀ ਮਾਧਿਆਮ ਦਾ ਪਬਲਿਕ ਸਕੂਲ ਤੇ ਸ੍ਰੀ ਸਤਿਗੁਰਾਂ ਦੇ ਇਸਮੇ ਗਰਾਮੀ ਤੋਂ ਉਪਜਿਆ ਅਨੋਖਾ ਕਿਡਾ ਅਦਭੁਤ ਸਕੂਲ ਹੋਵੇਗਾ। ਕਿਆਸ ਦੀ ਹੱਦ ਤੋਂ ਪਰੇ ਦੀ ਗੱਲ ਹੈ। ਅਕਾਲ ਪੁਰਖ ਇਸ ਸੈਮੀਨਰੀ ਨੂੰ ਰੰਗ ਅਤੇ ਭਾਗ ਲਾਵੇ। ਜੋ ਭੀ ਸਤਿਗੁਰੂ ਆਰੰਭਦੇ ਹਨ ਉਹ ਚੀਜ ਕਿਤਨੀ ਪਿਆਰੀ ਕਿਤਨੀ ਕੰਮ ਆਉਣ ਵਾਲੀ ਹੁੰਦੀ ਹੈ। ਮੈਂ ਸਤਿਗੁਰਾਂ ਨੂੰ ਪੱਤਰ ਰਾਹੀਂ ਅਰਜ਼ ਕੀਤੀ ਹੈ ਕਿ ਮੈਨੂੰ ਇਸ ਵਿਚ ਦਾਖਲਾ ਬਖਸ਼ੋ ਭਾਵੇ ਪਹਿਲੀ ਕਲਾਸ ਜਾਂ ਦੂਜੀ ਅਕੈਡਮੀ ਦਾ ਝਾੜੂ ਬਰਦਾਰ ਹੀ। Uniform ਕਿਤਨਾ Pure, Simple, ਸਫ਼ੈਦ ਸ਼ੁੱਧ ਤੇ ਹਿਰਦਾ ਵੈਸਾ ਹੀ ਸ਼ੁੱਧ, ਸਾਫ਼ਤੇ ਕੋਮਲ। ਅਕਾਲ ਪੁਰਖ ਦੀ ਇਹ ਫੌਜ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਤੇ ਮਹਾਰਾਜ ਪ੍ਰਤਾਪ ਸਿੰਘ ਜੀ ਦਾ ਸੁਪਨਾ ਸੀ, ਪੰਜਾਬ ਦੀ ਰਾਂਗਲੀ ਧਰਤੀ ਵਿਚ ਠੰਢ ਠੰਢੋਰ, ਅਮਨ ਚੈਨ, ਸੁਆਸ-ਸੁਆਸ ਨਾਮ ਜਪਦਾ ਗਭਰੂ ਪੈਦਾ ਕਰੂ ! ਮੈਨੂੰ ਦਾਖਲਾ ਜ਼ਰੂਰ ਦਿਵਾਓ।

1:30 ਵਜੇ ਦੇ ਕਰੀਬ ਸੰਤ ਤਰਸੇਮ ਸਿੰਘ ਸਕੱਤਰ ਦਾ ਫੇਰ ਫੋਨ ਆਇਆ: ਸਿਰਸੇ ਤੋਂ ਫੋਨ ਆਇਆ ਹੈ ਕਿ ਸਾਜਨ ਹੁਰੀਂ ਸਿਰਸੇ ਘਰ ਪੁੱਜ ਗਏ ਹਨ। ਰੁਪਿੰਦਰ ਵੀ ਘਰ ਪਹੁੰਚ ਗਈ ਹੋਈ ਹੈ ਅਤੇ ਸਭ ਪੁੱਜ ਗਏ ਹਨ। ਪਰ ਸਾਜਨ ਜੀ ਦੀ ਨੂੰਹ ਦਿੱਲੀ ਆਈ ਤੇ ਸਿਧੀ ਸਟੇਸ਼ਨ ਤੇ ਗਈ। ਹੈਦਰਾਬਾਦ ਜਾਣਾ ਚਾਹੁੰਦੀ ਸੀ ਪਰ ਕੋਈ ਮੁਨਾਸਬ ਸਾਥ ਨਾ ਮਿਲਣ ਕਰਕੇ ਏਥੋਂ ਹੀ ਵਾਪਸ ਮੁੜ ਗਈ। ਹੈਦਰਾਬਾਦ ਵਿਚ ਉਸਦੀ ਮਾਸੀ ਹੈ।

ਨਾਲ ਹੀ ਸਕੱਤਰ ਤੋਂ ਸੂਚਨਾ ਮਿਲੀ: ਸੱਚੇ ਪਾਤਸ਼ਾਹ ਰਾਤੀਂ 8-9 ਵਜੇ ਦਿੱਲੀ ਪਧਾਰ ਰਹੇ ਹਨ। ਸਵੇਰੇ ਆਸਾ ਦੀ ਵਾਰ ਰਮੇਸ਼ ਨਗਰ ਨਾਮਧਾਰੀ ਧਰਮਸ਼ਾਲਾ ਵਿਖੇ ਸੀ ਜਿਸ ਵਿਚ ਦੀਨ ਦਿਆਲ ਦਰਸ਼ਨ ਦੇਣਗੇ ਅਤੇ ਲਉਢੇ ਵੇਲੇ ਤੱਕ ਸ੍ਰੀ ਭੈਣੀ ਸਾਹਿਬ ਲਈ ਪ੍ਰਸਥਾਨ ਹੋਵੇਗਾ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ



**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

**ਸੁਹੇਵੇ ਸਾਹਿਬ ਅਖੰਡ ਪਾਠਾਂ ਦਾ ਮੁੱਢ**

ਸੰਤ ਆਲਾ ਸਿੰਘ ਜੀ ਨੇ ਆਪਣੇ ਜਥੇ ਸਮੇਤ ਪਿੰਡਾਂ ਵਿਚ ਜਾ ਕੇ ਸਾਧ ਸੰਗਤ ਨੂੰ 'ਕੱਠਿਆਂ ਕਰਕੇ ਹੋਕਾ ਦਿਤਾ ਕਿ ਅਸੀਂ ਅਨਚੋਪੜੇ ਪ੍ਰਸ਼ਾਦੇ ਵੀ ਛਕ ਲਵਾਂਗੇ ਜਥੇ ਸਮੇਤ, ਪਰ ਜਿਹੜਾ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਅਖੰਡ ਪਾਠ ਕਰਵਾਏਗਾ, ਉਹ ਕਰ ਦਿਆਂਗੇ। ਦੌਰਾ ਕਰਦਿਆਂ ਸਤਿਗੁਰੂ ਜੀ ਦਾ ਇਕ ਨਗਰ ਵਿਖੇ ਆਪ ਨਾਲ ਮੇਲ ਹੋ ਗਿਆ, ਜਿੱਥੇ ਸੰਤਾਂ ਨੇ ਅਖੰਡ ਪਾਠ ਰੱਖੇ ਹੋਏ ਸਨ। ਸਤਿਗੁਰੂ ਜੀ ਨੇ ਸੰਤਾਂ ਨੂੰ ਦੌਰੇ 'ਤੇ ਨਾਲ ਚੱਲਣ ਵਾਸਤੇ ਕਿਹਾ। ਸੰਤਾਂ ਆਖਿਆ ਕਿ ਮੈਂ ਤਾਂ ਜੀ ਜਿੱਥੇ ਹੁਣ ਕੋਈ ਸਤਿਗੁਰਾਂ ਨਮਿੱਤ ਅਖੰਡ ਪਾਠ ਜਾਂ ਸਾਧਾਰਨ ਪਾਠ ਕਰਵਾਉਂਦਾ ਹੈ ਸਿੰਘ, ਉਥੇ ਜਾਂਦਾ ਹਾਂ। ਸਤਿਗੁਰੂ ਜੀ ਨੇ ਫੁਰਮਾਇਆ ਕਿ ਫਿਰ ਤਾਂ ਸੰਤ ਜੀ ਆਪਾਂ ਨੂੰ ਸੁਹੇਵੇ ਸਾਹਿਬ (ਰਿਆਸਤ ਬੀਕਾਨੇਰ) ਵਿਚ ਜਾ ਕੇ ਅਖੰਡ ਪਾਠ ਕਰਨੇ ਚਾਹੀਦੇ ਹਨ ਕਿਉਂਕਿ ਸਤਿਗੁਰੂ ਜੀ ਦਾ ਉਥੇ ਪਾਠ ਕਰਨ ਦਾ ਹੁਕਮ ਹੈ। ਸੰਤਾਂ ਕਿਹਾ, "ਸੱਚੇ ਪਾਤਸ਼ਾਹ, ਤੁਸਾਂ ਦੌਰਾ ਨਹੀਂ ਡੱਕ ਸਕਣਾ। ਪਾਠਾਂ ਲਈ ਇਕ ਥਾਂ ਟਿਕ ਕੇ ਬੈਠਣਾ ਪੈਣਾ ਹੈ।" ਸਤਿਗੁਰੂ ਜੀ ਨੇ ਜੁਆਬ ਦਿਤਾ ਕਿ ਮੈਂ ਇਸ ਕੰਮ ਦੀ ਪੂਰਤੀ ਲਈ ਦੌਰਾ ਵੀ ਛੱਡਣ ਨੂੰ ਤਿਆਰ ਹਾਂ।

ਸੰਤਾਂ ਨੇ ਫਿਰ ਅਰਜ਼ ਕੀਤੀ ਕਿ ਜਦੋਂ ਉੱਥੇ ਚੱਲਣਾ ਹੋਵੇ, ਮੈਨੂੰ ਹੁਕਮ ਕਰ ਦੇਣਾ। ਦਾਸ ਆਪਣੇ ਜਥੇ ਸਮੇਤ ਹਾਜ਼ਰ ਹੋ ਜਾਏਗਾ। ਸਤਿਗੁਰੂ ਜੀ ਫਿਰ ਗੁਜਰਾਂਵਾਲੇ ਤੋਂ ਗਿੱਲੀ ਆ ਕੇ ਦੌਰਾ ਡੱਕ ਦਿਤਾ। ਹੋਰ ਸੰਗਤ ਇੱਥੇ ਹੀ ਰਹੀ। ਆਪ ਪੰਜ ਸੱਤ ਸਰੀਰਾਂ ਸਮੇਤ, ਧਰਮ ਹੇਤ ਸੀਸ ਵਾਰਨ ਵਾਲਿਆਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ, ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਦੇ ਸ਼ਹੀਦੀ ਜੋੜ ਮੇਲੇ 'ਤੇ ਸਰਹਿੰਦ ਪੁੱਜੇ।

ਇਸ ਮੇਲੇ ਦੇ ਦੀਵਾਨ ਵਿਚ ਲੁਧਿਆਣਾ, ਅੰਬਾਲਾ, ਹੁਸ਼ਿਆਰਪੁਰ, ਜਲੰਧਰ, ਰਿਆਸਤ ਪਟਿਆਲਾ, ਨਾਭਾ ਅਤੇ ਮਲੇਰਕੋਟਲਾ ਦੀ ਸੰਗਤ ਨੂੰ ਹੁਕਮ ਦਿਤਾ ਕਿ ਜੋ ਵੀ ਯਥਾ ਸ਼ਕਤ ਮਾਇਆ ਦਾਨ ਕਰ ਸਕਦਾ ਹੈ ਕਰ ਦਿਓ, ਜੋ ਵੀ ਪਾਠੀ ਸਿੰਘ ਹੈ ਸਭ ਆ ਜਾਉ। ਅਸੀਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਮਿੱਤ ਸੁਹੇਵੇ ਸਾਹਿਬ ਵਿਖੇ ਅਖੰਡ ਪਾਠਾਂ ਦੀ ਲੜੀ ਤੋਰਨੀ ਹੈ। ਇੱਥੋਂ ਹੀ ਆਪ ਨੇ ਹਜ਼ੂਰੀ ਲਾਂਗਰੀ ਭਾਈ ਧਾਰਾ ਸਿੰਘ ਜੀਏ ਬੱਗੀਏ ਨੂੰ, ਕੁਝ ਸਿੰਘ ਦੇ ਕੇ ਸੁਹੇਵੇ ਸਾਹਿਬ ਭੇਜ ਦਿਤਾ ਕਿ ਜਾ ਕੇ ਜਗ੍ਹਾ ਤਿਆਰ ਕਰੋ ਅਖੰਡ ਪਾਠਾਂ ਵਾਸਤੇ। ਇਹ ਸਿੰਘ ਸਿਰਸੇ ਜਾ ਕੇ ਗੱਡੀਉਂ ਉਤਰੇ ਅਤੇ ਅੱਗੋਂ ਪੈਦਲ ਹੀ ਨੌਹਰ ਅਤੇ ਉਥੋਂ ਅੱਗੇ ਸੁਹੇਵਾ ਸਾਹਿਬ ਪੁੱਜ ਗਏ। ਨੌਹਰ ਤੋਂ ਇਹ ਅਸਥਾਨ ਕੋਈ 24 ਕੁ ਮੀਲ ਦੇ ਕਰੀਬ ਹੈ ਅਤੇ ਨੌਹਰ, ਸਿਰਸੇ ਤੋਂ 30 ਮੀਲ ਦੀ ਵਿੱਥ ਤੇ ਹੈ।ਆਪਣੀ ਦੱਖਣ ਦੇਸ਼ ਦੀ ਯਾਤਰਾ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਸਿਰਸੇ ਤੋਂ ਨੌਹਰ ਹੁੰਦੇ ਹੋਏ ਇੱਥੇ ਸੁਹੇਵਾ ਸਾਹਿਬ ਪਹੁੰਚੇ ਸਨ। ਇੱਥੇ ਹੀ ਆਪ ਨੇ ਕਮਰ ਕੱਸਾ ਖੋਹਲਿਆ ਸੀ ਅਤੇ ਇੱਥੇ ਹੀ ਆਪ ਜੀ ਦੀ ਯਾਦ ਵਿਚ ਇਕ ਗੁਰਦੁਆਰਾ ਵੀ ਹੈ।

ਧਾਰਾ ਸਿੰਘ ਹੋਰਾਂ ਦੇ ਜਥੇ ਦੇ ਨਾਲ ਹੀ ਸੰਤ ਬਿਸ਼ਨ ਸਿੰਘ ਜੀ ਧਰਮੂਕੋਟੀਏ ਵੀ ਆ ਰਲੇ ਸਨ ਜਿਹਨਾਂ ਨੇ ਮਹਾਰਾਜ ਜੰਗ ਸਿੰਘ ਹੋਰਾਂ ਨੂੰ ਪਾਲਿਆ ਸੀ ਅਤੇ ਉਹ ਇਸ ਇਲਾਕੇ ਅਤੇ ਰਸਤੇ ਦੇ ਵਾਕਿਫ਼ ਸਨ। ਇਹਨਾਂ ਦੇ ਨਾਲ ਹੀ ਇਲਾਕਾ ਸਿਰਸਾ ਦਾ ਮੰਨਿਆ ਪ੍ਰਮੰਨਿਆਂ ਮਾਤਾ ਜੀਵਣ ਕੌਰ ਜੀ ਦਾ ਭਤੀਜਾ ਕੂਕਿਆਂ ਅਤੇ ਬਾਹਰੇ ਵਿਚ ਅਸਰ ਰਸੂਖ ਵਾਲਾ, ਭਾਈ

ਦਿਆਲ ਸਿੰਘ ਥਰਾਜੀਆ ਵੀ ਸੀ। ਫਤਹਿਗੜ੍ਹ ਸਾਹਿਬ ਦੇ ਮੇਲੇ ਤੋਂ ਬਾਅਦ ਸਤਿਗੁਰੂ ਜੀ ਗਿੱਲ ਪਿੰਡ ਵਿਖੇ, ਜ਼ਿਲ੍ਹਾ ਸ਼ੇਖੂਪੁਰਾ ਵਿਚ ਦੌਰੇ ਵਿਚ ਜਾ ਸ਼ਾਮਲ ਹੋਏ। ਇੱਥੋਂ ਰਸਤੇ ਦੇ ਨਗਰਾਂ ਨੂੰ ਤਾਰਦੇ ਹੋਏ ਆਪ ਦਾ ਦੌਰਾ ਜ਼ਿਲ੍ਹਾ ਲਾਇਲਪੁਰ ਦੇ ਪਿੰਡ ਢੋਟੀਆਂ ਵਿਚ ਪੁੱਜ ਗਿਆ। ਇੱਥੇ ਦੌਰਾ ਸਮਾਪਤ ਕਰ ਦਿਤਾ ਅਤੇ ਘੋੜੇ ਛੱਡ ਦਿਤੇ। ਸਤਿਗੁਰੂ ਜੀ ਮੁਕਤਸਰ ਦੀ ਮਾਘੀ ਤੇ ਚਲੇ ਗਏ ਸਨ। ਮੈਂ ਵੀ ਸਤਿਗੁਰੂ ਜੀ ਦੇ ਹੁਕਮ ਤੋਂ ਬਿਨਾਂ ਜੈ ਸਿੰਘ ਅਤੇ ਸੁਰੈਣ ਸਿੰਘ 'ਗਿੜਧੀ' ਨਾਲ ਉਹਦੇ ਪਿੰਡ 'ਮੱਖੀ' ਚਲਾ ਗਿਆ ਕਿਉਂ ਜੁ ਉਸਦਾ ਭਾਈ ਉਹਨੂੰ ਜ਼ਮੀਨ ਨਹੀਂ ਦਿੰਦਾ ਸੀ। ਮੈਂ ਤਾਂ ਉਸਦੇ ਭਰਾ ਤੋਂ ਗਿੜਧੀ ਨੂੰ ਜ਼ਮੀਨ ਦਿਵਾ ਕੇ, ਦੋਹਾਂ ਭਰਾਵਾਂ ਦੀ ਸੁਲ੍ਹਾ ਕਰਵਾ ਕੇ, ਵਰਨੀ ਆ ਗਿਆ। ਸ੍ਰੀ ਸਤਿਗੁਰੂ ਜੀ ਨੇ ਮੁਕਤਸਰੋਂ ਮਾਲਵੇ ਦੀ ਸੰਗਤ ਨਾਲ ਲੈ ਕੇ, ਸੁਹੇਵੇ ਸਾਹਿਬ ਜਾ ਕੇ, ਅਖੰਡ ਪਾਠ ਆਰੰਭ ਕਰਵਾ ਦਿਤੇ।

ਸੁਹੇਵੇ ਸਾਹਿਬ ਜਿਹੜੇ ਵੀ ਸਿੰਘ ਰਹਿੰਦੇ ਸਨ, ਉਹਨਾਂ ਨੂੰ ਹੁਕਮ ਕੀਤਾ ਕਿ ਹਰ ਸਿੰਘ, ਰੋਜ਼ ਜੰਗਲ ਵਿਚੋਂ ਬਾਲਣ ਦੀ ਇਕ ਪੰਡ ਲਿਆਏ। ਸਤਿਗੁਰੂ ਜੀ ਆਪ ਵੀ ਆਪਣੇ ਹਿੱਸੇ ਦੀ ਬਾਲਣ ਦੀ ਪੰਡ, ਹਰ ਰੋਜ਼ ਵੱਢ ਕੇ ਲਿਆਉਂਦੇ। ਬੋਲਣਾ ਘੱਟ ਜਾਂ ਭਜਨ ਕਰਨਾ ਜਾਂ ਪਾਠ ਕਰਨਾ। ਹੱਥ ਚੱਕੀ ਨਾਲ ਆਟਾ ਵੀ ਸਭ ਪੀਂਹਦੇ ਸਮੇਤ ਸਤਿਗੁਰੂ ਜੀ, ਰੋਜ਼ ਆਪੋ ਆਪਣੀ ਵਾਰੀ 'ਤੇ।

ਨੋਟ: ਇਸ ਨਨਕਾਣੇ ਸਾਹਿਬ ਦੇ ਮੇਲੇ 'ਤੇ ਹੀ 1977 ਬਿਕ੍ਰਮੀ ਨੂੰ ਸ੍ਰੀ ਸਤਿਗੁਰੂ ਜੀ ਨੂੰ ਇਹ ਸ਼ੁਭ ਸਮਾਚਾਰ ਮਿਲਿਆ ਸੀ ਕਿ ਮਾਤਾ ਭੁਪਿੰਦਰ ਕੌਰ ਜੀ ਦੇ ਘਰ ਆਪ ਜੀ ਦੇ ਵੱਡੇ ਸਾਹਿਬਜ਼ਾਦੇ (ਸਤਿਗੁਰੂ ਜਗਜੀਤ ਸਿੰਘ ਜੀ) ਪ੍ਰਗਟ ਹੋਏ ਸਨ, ਅੱਠ ਮੱਘਰ ਵਾਲੇ ਦਿਨ।

ਹੁਣ ਸੁਹੇਵਾ ਸਾਹਿਬ ਵਿਖੇ ਮਾਇਆ ਦੀ ਕੁਝ ਤੋਟ ਆ ਗਈ ਸੀ। ਸ੍ਰੀ ਸਤਿਗੁਰੂ ਜੀ ਫੱਗਣ ਵਿਚ ਫਿਰ ਸ਼ੇਖੂਪੁਰੇ ਦੇ ਪਿੰਡਾਂ ਦਾ, 5-7 ਦਿਨਾਂ ਦਾ ਦੌਰਾ ਕੀਤਾ ਅਤੇ ਨਾਲੇ ਸੰਗਤ ਤੋਂ ਸਮਰੱਥਾ ਮੁਤਾਬਿਕ ਅਖੰਡ ਪਾਠਾਂ ਲਈ ਮਾਇਆ ਉਗਰਾਹ ਲਈ ਸੀ। ਮਦਾਰ, ਭਾਈ ਘਸੀਟਾ ਸਿੰਘ ਹੋਰਾਂ ਦੇ ਪਿੰਡ ਮੇਲਾ ਸੀ, ਜਿਸ ਦਿਨ ਸੁਰੈਣ ਸਿੰਘ 'ਗਿੜਧੀ' ਉੱਥੇ ਸਚੇ ਪਾਤਸ਼ਾਹ ਦੇ ਦਰਸ਼ਨ ਕੀਤੇ। ਆਪ ਜੀ ਨੇ ਫੁਰਮਾਇਆ ਕਿ ਤੂੰ ਮੁਕਤਸਰੋਂ ਸਾਡਾ ਬੰਦਾ ਲੈ ਗਿਆ ਹੈਂ, ਉਸ ਨੂੰ ਵਾਪਸ ਲਿਆ ਦੇਹ। ਮੈਨੂੰ ਹੁਕਮ ਹੋਇਆ, ਜਦੋਂ ਮੈਂ ਗਿੜਧੀ ਨਾਲ ਜਾ ਮੱਥਾ ਟੇਕਿਆ ਪਿੰਡੋਂ ਆਪਣਿਉਂ ਜਾ ਕੇ, ਕਿ ਕਾਣਾ ਘੋੜਾ ਲੈਕੇ ਤੂੰ ਮੁਕਤਸਰ ਹੋਲੇ ਤੇ ਚਲੇ ਜਾਣਾ ਹੈ। ਜਦੋਂ ਅਸੀਂ ਉਥੇ ਪਹੁੰਚੀਏ ਤੂੰ ਘੋੜੇ ਸਮੇਤ ਸਿੱਧਾ ਸਟੇਸ਼ਨ ਤੇ ਆ ਜਾਈਂ। ਮੈਂ ਪਿੰਡੋ ਪਿੰਡ, ਰਾਹ ਦੇ ਸਿੰਘਾਂ ਪਾਸ ਰੁਕਦਾ ਹੋਇਆ, ਸਤਿਗੁਰੂ ਜੀ ਦੇ ਆਉਣ ਤੋਂ ਦੋ ਦਿਨ ਪਹਿਲਾਂ ਮੁਕਤਸਰ ਪੁਜ ਗਿਆ। ਸਤਿਗੁਰੂ ਜੀ ਵੀ ਅਖੰਡ ਪਾਠਾਂ ਦੇ ਭੋਗ ਪਾ ਕੇ ਸੁਹੇਵੇ ਸਾਹਿਬ ਤੋਂ ਸਿੱਧੇ ਮੁਕਤਸਰ ਹੀ ਆਏ। ਮੈਂ ਜਦੋਂ ਘੋੜੇ ਸਮੇਤ ਹਾਜ਼ਰ ਹੋਇਆ ਅਤੇ ਸਤਿਗੁਰੂ ਜੀ ਦਾ ਦਰਸ਼ਨ ਕੀਤਾ ਤਾਂ ਉਹ ਰੂਪ ਅੱਜ ਵੀ 40-45 ਵਰ੍ਹੇ ਬੀਤਣ ਬਾਦ ਉਵੇਂ ਹੀ ਅੱਖਾਂ ਅੱਗੇ ਹੈ। ਆਪ ਨੇ ਵੈਰਾਗੀਆਂ ਵਾਲਾ ਰੂਪ ਧਾਰਿਆ ਹੋਇਆ ਸੀ। ਚਾਦਰ ਦੀ ਗਾਤੀ ਮਾਰੀ ਹੋਈ ਸੀ। ਪੈਰੀਂ ਪਊਏ ਸਨ। ਨਾਲ ਦੀ ਸੰਗਤ ਵੀ ਵੈਰਾਗੀ ਦਸ਼ਾ ਵਿਚ ਹੀ ਸੀ। ਜਿਹਨਾਂ ਸੱਜਣਾਂ ਉਹ ਹਾਲ ਵੇਖਿਆ ਹੈ, ਉਨ੍ਹਾਂ ਨੂੰ ਅੱਜ ਵੀ ਨਹੀਂ ਭੁੱਲ ਰਿਹਾ। ਸਤਿਗੁਰੂ ਜੀ ਘੋੜੇ 'ਤੇ ਸਵਾਰ ਹੋ ਕੇ ਜਿੱਥੇ ਉਹਨਾਂ ਦਾ ਡੇਰਾ ਸੀ, ਨਾਮਧਾਰੀ ਧਰਮਸ਼ਾਲਾ ਵਿਚ, ਉਥੇ ਪੁੱਜ ਗਏ।

**ਹੋਲਾ ਮੁਕਤਸਰ ਸੰਬਤ 1977 ਬਿਕ੍ਰਮੀ**

ਇਸ ਹੋਲੇ ਸਮੇਂ ਮਾਤਾ ਭੁਪਿੰਦਰ ਕੌਰ ਜੀ, ਨਵ ਜਨਮੇ ਸਾਹਿਬਜ਼ਾਦੇ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ), ਜੋ ਉਦੋਂ ਅਜੇ ਤਿੰਨਾਂ ਕੁ ਮਹੀਨਿਆਂ ਦੇ ਸਨ, ਲੈ ਕੇ ਆਏ ਸਨ। ਸਾਰੇ ਘੋੜਿਆਂ ਵਾਲੇ ਸਿੰਘ ਮਾਤਾ ਜੀ ਨੂੰ ਮੱਥਾ ਟੇਕਣ ਅਤੇ ਸਾਹਿਬਜ਼ਾਦੇ ਦੇ ਦਰਸ਼ਨ ਕਰਨ ਗਏ ਤਾਂ ਮਾਤਾ ਜੀ ਨੇ ਮਹੰਤ ਕੇਸਰ ਸਿੰਘ ਮਜਾਧ ਵਾਲਿਆਂ ਨੂੰ ਕਿਹਾ ਕਿ ਗੁਰਮੁਖ ਸਿੰਘ ਨੂੰ ਫੜਾ ਦੇ ਇਹਦਾ ਭਰਾ, ਖਿਡਾ ਲਿਆਵੇਗਾ। ਮੈਂ ਬਾਲ ਗੋਪਾਲ ਨੂੰ, ਸਾਰਾ ਦੀਵਾਨ ਅਤੇ ਘੋੜੇ ਊਠਾਂ ਵਾਲਿਆਂ ਦੇ ਡੇਰਿਆਂ ਵਿਚ ਘੁੰਮਾ ਲਿਆਇਆ।

ਇਸ ਹੋਲੇ ਸਮੇਂ ਸਤਿਗੁਰੂ ਜੀ ਨੇ ਪੰਥਕ ਉੱਨਤੀ, ਆਪਣੇ ਪ੍ਰਚਾਰ ਦੀ ਬਿਹਤਰੀ ਤੇ ਹੋਰ ਕਈ ਮਾਮਲਿਆਂ ਨੂੰ ਨਜਿੱਠਣ ਲਈ ਰਾਇ ਮਸ਼ਵਰੇ ਸੰਗਤ ਨਾਲ ਕੀਤੇ। ਪੰਥ ਦੇ ਸਾਰੇ ਹੀ ਮੁਖੀ ਜਥੇਦਾਰਾਂ ਤੇ ਵਿਦਵਾਨਾਂ ਤੋਂ, ਪੰਥਕ ਭਲਾਈ ਲਈ ਵਿਚਾਰਾਂ ਸੁਣੀਆਂ।

ਸਤਿਗੁਰੂ ਜੀ ਨੇ ਪੰਥ ਦੇ ਸਨਮੁਖ, ਕਈ ਸਮਾਜੀ ਅਤੇ ਰਾਜਸੀ ਮਾਮਲੇ ਨਜਿੱਠਣ ਲਈ, 'ਨਾਮਧਾਰੀ ਦਰਬਾਰ' ਦੀ

ਸਥਾਪਨਾ ਕੀਤੀ ਜੋ ਮੁਕਤਸਰ ਦੇ ਹੋਲੇ ਦੀ ਯਾਦਗਾਰੀ ਘਟਨਾ ਹੈ। ਕਈ ਸੂਬੇ ਪੁਰਾਣੇ ਵੀ ਗੁਜ਼ਰ ਚੁੱਕੇ ਸਨ ਅਤੇ ਉਹਨਾਂ ਦੀ ਥਾਂ ਨਵੇਂ ਸੂਬੇ ਵੀ ਥਾਪਣੇ ਸਨ। ਕੂਕਿਆਂ ਵਿਚ ਰਾਜਸੀ ਜਾਗਰਤ ਨੇ ਇਕ ਹੋਰ ਪਾਸਾ ਬਦਲਿਆ।"ਨਾਮਧਾਰੀ ਦਰਬਾਰ" ਦੇ ਬਾਨੀ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਸਨ, ਜਿਹਨਾਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਾਸਤੇ, ਕਾਂਗਸ ਪਾਰਟੀ ਨਾਲ ਮਿਲ ਕੇ ਆਪਣਾ ਕੰਮ ਆਰੰਭ ਦਿਤਾ ਸੀ, ਪਰ ਉਮਰ ਨੇ ਉਹਨਾਂ ਨਾਲ ਵਫ਼ਾ ਨਾ ਕੀਤੀ ਸੀ। ਫਿਰ ਵੀ ਉਨ੍ਹਾਂ ਦੇ ਕਈ ਕੰਮ ਯਾਦਗਾਰੀ ਹੋ ਨਿਬੜੇ। ਅੰਗ੍ਰੇਜ਼ੀ ਦੇ ਵਿਦਵਾਨ ਸਨ, ਅੰਗ੍ਰੇਜ਼ਾਂ ਦੀਆਂ ਲਿਖਤਾਂ ਫੋਲ ਕੇ ਆਪਣੇ ਇਤਿਹਾਸ ਨੂੰ ਲੋਕਾਂ ਵਿਚ ਪੇਸ਼ ਕਰਨ ਦੀ ਚੇਟਕ ਉਹਨਾਂ ਹੀ, ਸੰਤ ਇੰਦਰ ਸਿੰਘ ਚੱਕਰਵਰਤੀ ਅਤੇ ਨਿਧਾਨ ਸਿੰਘ ਆਲਮ ਜੀ ਨੂੰ ਲਾਈ ਸੀ। ਉਹ ਪੰਜਾਬ ਕਾਂਗ੍ਰਸ ਕਮੇਟੀ ਦੇ ਉੱਚੇ ਅਹੁਦਿਆਂ ਤੇ ਵੀ ਰਹੇ । ਮਹਾਰਾਜ ਨਿਹਾਲ ਸਿੰਘ ਹੋਰਾਂ ਨੇ ਖੁੱਲ੍ਹੇ ਰੂਪ ਵਿਚ ਉਹਨਾਂ ਤੋਂ ਬਾਦ ਕਾਂਗ੍ਰਸ ਦਾ ਕੰਮ ਜਾਰੀ ਰਖਿਆ ਸੀ। ਪਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਹ ਮਾਨਤਾ ਸੀ ਕਿ ਸਾਡਾ ਪਹਿਲਾ ਕੰਮ ਧਰਮ ਦਾ ਹੈ। ਅਸੀਂ ਉਸ ਤਰ੍ਹਾਂ ਦੀ ਸਿਆਸਤ ਨਾਲ ਤਾਂ ਨਿਭ ਸਕਦੇ ਹਾਂ, ਜਿੱਥੇ ਸਾਡੇ ਧਰਮ ਦੀ ਮੂਲ ਭਾਵਨਾ ਨੂੰ ਕੋਈ ਠੇਸ ਨਾ ਪਹੁੰਚੇ। ਦੇਸ਼ ਵਾਸਤੇ ਲੜਨ ਵਾਲੇ ਕੀ ਕਾਂਗ੍ਰਸੀ, ਕੀ ਕਮਿਊਨਿਸਟ, ਕੀ ਕਿਰਤੀ ਕਿਸਾਨ ਅਤੇ ਕੀ ਅਕਾਲੀ ਸੱਭੇ ਹੀ ਸਮੇਂ ਸਮੇਂ ਸਿਰ ਆਪ ਜੀ ਦੀ ਕ੍ਰਿਪਾ ਦੇ ਪਾਤਰ ਬਣਦੇ ਰਹੇ ਸਨ। ਆਪ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਉਸ ਸਿੱਖਿਆ ਨੂੰ ਹਮੇਸ਼ਾ ਸਾਹਵੇਂ ਰੱਖਿਆ ਸੀ ਕਿ ਸਾਡੇ ਲੰਗਰ ਦੇ ਬੂਹੇ ਤਾਂ ਉਸ ਗਊਘਾਤੀ ਵਾਸਤੇ ਵੀ ਖੁੱਲ੍ਹੇ ਹਨ, ਜੋ ਗਾਂ ਕਤਲ ਕਰਕੇ ਹੱਥ ਵਿਚ ਲਹੂ ਨੁੱਚੜਦੀ ਛੁਰੀ ਫੜ ਕੇ ਆਇਆ ਹੋਵੇ। ਇਸੇ ਲਈ ਗੁਰਦੁਆਰਾ ਭੈਣੀ ਸਾਹਿਬ ਹਰ ਰੰਗ ਦੇ ਇਨਕਲਾਬੀਆਂ, ਜੁਗ ਗਰਦਾਂ, ਦੇਸ਼ ਭਗਤਾਂ ਅਤੇ ਸਰਕਾਰ ਬਰਤਾਨੀਆਂ ਦੇ ਵਿਰੋਧੀਆਂ ਦੀ ਬੜੀ ਵਧੀਆ ਠਾਹਰ ਬਣਦਾ ਰਿਹਾ ਹੈ।

ਨਾਮਧਾਰੀ ਦਰਬਾਰ ਦੇ ਪਹਿਲੇ ਪ੍ਰਧਾਨ ਸਨ ਪਿੰਡ ਗ੍ਰੰਥਗੜ੍ਹ ਜ਼ਿਲ੍ਹਾ ਅੰਮ੍ਰਿਤਸਰ ਦੇ ਸ੍ਰ. ਲਛਮਣ ਸਿੰਘ, ਸ੍ਰ. ਸ਼ੇਰ ਸਿੰਘ ਜੀ, ਜਿਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਇਕ ਘੋੜਾ ਅਤੇ ਉਸ ਨੂੰ ਸਾਂਭਣ ਵਾਲਾ ਸਾਉਣ ਸਿੰਘ ਨਾਂ ਦਾ ਸਾਈਸ ਵੀ ਭੇਟਾ ਕੀਤਾ ਸੀ। ਉਸ ਸਰਦਾਰ ਦੇ ਸਪੁੱਤਰ ਸ. ਲਛਮਣ ਸਿੰਘ ਜੀ ਸਨ। ਜੱਸ ਜੀਵਨ ਜਿਲਦ ਪਹਿਲੀ ਮੁਤਾਬਿਕ ਪਹਿਲੇ ਪਰਧਾਨ, ਰਾਜਾ ਧਿਆਨ ਸਿੰਘ ਕੱਕੜ ਸਨ। ਦਰਬਾਰ ਦੇ ਮੈਂਬਰਾਂ ਅਤੇ ਸੂਬਿਆਂ ਦੀ ਪੂਰੀ ਸੂਚੀ ਜੱਸ ਜੀਵਨ ਵਿਚ ਦਰਜ ਹੈ। (ਇਹ ਲਿਖਤ ਕਿਉਂਕਿ ਇਕ ਵਿਅਕਤੀ ਦੀ ਯਾਦਾਸ਼ਤ 'ਤੇ ਆਧਾਰਿਤ ਹੈ, ਜੋ ਪੜ੍ਹ ਲਿਖ ਵੀ ਨਹੀਂ ਸਕਦਾ। ਇਸ ਲਈ ਕੁਝ ਅੰਤਰ ਸੁਭਾਵਿਕ ਹੈ।) ਦਰਬਾਰ ਦੇ ਬਾਕੀ ਮੈਂਬਰਾਂ ਦਾ ਵੇਰਵਾ ਇਉਂ ਹੈ:

1. ਸੰਤ ਜਵੰਦ ਸਿੰਘ ਜੀ ਜਿੰਦਾ ਸ਼ਹੀਦ ਖ਼ਿਆਲਾ
2. ਸੰਤ ਨੱਥਾ ਸਿੰਘ ਜੀ ਚੇਲੇਕਾ (ਸੰਤ ਪ੍ਰੀਤਮ ਸਿੰਘ ਜੀ ਦੇ ਪਿਤਾ)
3 . ਸੰਤ ਇੰਦਰ ਸਿੰਘ ਜੀ 'ਚੱਕਰਵਰਤੀ' ਪਿੰਡ ਲੱਲ (ਰਿਆਸਤ ਪਟਿਆਲਾ)
4. ਬੁੱਢਾ ਸਿੰਘ ਜੀ ਖਾਨਪੁਰ (ਸਿਆਲਕੋਟ)
5. ਪੰਡਿਤ ਅਮਰ ਸਿੰਘ ਜੀ....
6. ਸੂਰਤ ਸਿੰਘ ਭਿਕਸ਼ੂ ਪਿੰਡ ਖਤਰਾ ਉੱਚੇ (ਅੰਮ੍ਰਿਤਸਰ)
7. ਸੂਬਾ ਗੁਰਬਖ਼ਸ਼ ਸਿੰਘ ਜੀ ਚੱਕ (ਰਿਆਸਤ ਮਲੇਰਕੋਟਲਾ)
8. ਸੰਤ ਅਣਖਾ ਸਿੰਘ ਜੀ ਦਾਤੇਵਾਲ (ਸਿਆਲਕੋਟ)
9. ਮਹਾਰਾਜ ਗੁਰਦਿਆਲ ਸਿੰਘ ਜੀ ਇਤਿਆਦਿ।

ਹੋਰ ਸੂਬੇ ਇਸ ਪ੍ਰਕਾਰ ਥਾਪੇ ਗਏ ਸਨ:

1. ਦੁਆਬੇ ਦਾ ਸੂਬਾ ਮਾਹੂਵਾਲੀਆ ਬਾਬਾ ਖੇਮ ਸਿੰਘ
2. ਰਿਆਸਤ ਮਲੇਰਕੋਟਲਾ ਦਾ ਸੂਬਾ ਗੁਰਬਖ਼ਸ਼ ਸਿੰਘ ਚੱਕ
3 . ਮੁਕਤਸਰ ਦੇ ਇਲਾਕੇ ਦਾ ਸੂਬਾ ਮੀਹਾਂ ਸਿੰਘ ਗੁਰੂਸਰ
4. ਜ਼ਿਲ੍ਹਾ ਫੀਰੋਜ਼ਪੁਰ ਦਾ ਸੂਬਾ ਇੰਦਰ ਸਿੰਘ ਰੋਡੇ
5 . ਰਿਆਸਤ ਪਟਿਆਲਾ ਸੂਬਾ ਬਿਸ਼ਨ ਸਿੰਘ ਭਦੌੜ
6. ਰਿਆਸਤ ਪਟਿਆਲਾ ਦਾ ਸੂਬਾ ਮਸਤਾਨ ਸਿੰਘ ਰਾਇਸਰ

**ਚਲਦਾ...**

# The Fauja Way

**Maj D.P. Singh**

Fauja Singh fooled not just old age but even the Almighty, because at the age of 114 years, he was fit enough to run, and live without any ailment

Fitness, good health, longevity, and simplicity — Fauja Singh symbolised all this and more. It was on December 1 last year that I saw the frail, tall centenarian for the last time — he actually was beautifully young at heart.

The superman literally enjoyed the glory, the glamour, the attention and the food— yes, the food. He was a frugal eater and owed his fitness to eating the bare minimum. But ask Gurpreet, the organiser of 'One Race' marathons, where he and I would often meet. If Bapuji (as we called him) used to ask for anything, it just had to be arranged. Of course, there was a discipline about the quantity (minimum with increasing age), quality (no junk) and timing (no late evenings) of food.



Ironically, as a kid, he was rather weak, and started walking only at the age of five. He was treated to improve the strength of his legs. In his own words, perhaps that strength was saved by the Almighty for the later years of life. He started running marathons at the age of 89.

When Doaba region of Punjab saw mass migration, his family also shifted to the United Kingdom. He was never interested in going abroad but then destiny has its own powerful ways to put you in a place that defines your purpose in life. When he lost his wife, son and daughter in quick succession, he felt alone and was taken by his family to the UK.

It was difficult for him to adjust there and he seemed unhappy, till a friend suggested taking part in a charity run. It was a 20-km run but he felt that he ran 20 miles. He thought that just 6 more miles and it will be marathon distance, 26 miles (42 km). He soon realised the mistake that for a marathon, he would need to run double the distance. The spirited Khalsa didn't give up.

It was decided to hire a coach and try even harder. On the first day of his coaching lessons, he turned up in a three-piece suit. He got attuned to the running attire, but refused to give up on his pagri. The marathon organisers had to relent, and thus was born the Turbaned Tornado. Fauja Singh, at 89, finished the London Marathon in 2000, his first.

On other days, such was his love for colours that the suit, tie and pagri used to be a perfect match.

As a fit centenarian, he used to feel sad at the fitness level of Indian oldies, especially females.

# MURDER OF BEEF BUTCHERS BY KUKAS



**Edited by: Dr. Gurdev Singh Sidhu**
9417049417

11. I may mention that before the arrival of the Civil Surgeon at Raikot the wounded had been carefully and skillfully attended by one Ullia, a native hakeem; the wounds had been neatly sewn up and dressing applied, and Dr. Ince's attendance was not required, he therefore returned immediately.

As an appendix to my No. 177, of this day's date, a note as follows:-

There has been no ill-feeling between the Mahomedans and Hindoos at Raikot. It is true that for some time past the Municipal Committee have offered to give the butchers other land to build on, as the cattle of the entire town drink of the water into which the bones of the slaughtered animals are thrown, and one of the butchers, Boota was fined very recently for defiling this water; but the complaint was preferred by Mahomedans and Hindoos both, and the site of the present slaughterhouse at Raikot is decidedly objectionable.

***

Service Telegram, Patiala, the 19th July 1871

From - Rajpura

To - Simla

From –Maharaja of Patiala

To -Secretary to Government, Punjab

Previous to the receipt of your telegram, strict instructions were issued upon the Nazims to take energetic measures for the arrest of the murderers on the information given by my Vakil at Ludhiana. All the measures taken by me are fully telegraphed to my Vakil there, for the information of the Government.

***

No. 1058-1/4, dated Lahore 21st July 1871

From – Lepel H. Griffen, Esq., Offg. Secretary to Government, Punjab.

To – The Secretary to Government of India, Home Department.

I am desired to forward for the information of His Excellency the Viceroy and Governor-General in Council, copy of a telegram addressed to His Highness the Maharaja of Patiala, and of his reply, in regard to the arrest of parties concerned in the recent murder of butchers at Raikot.

***

No. 1058-1/4 -91S, dated Lahore 22nd July 1871

From – Lepel H. Griffen, Esq., Offg. Secretary to Government, Punjab.

To – The Secretary to Government of India, Home Department.

The number of persons killed and wounded at Raikot, in the Ludhiana district, in the attack made on the residences of butchers, is nine:--

1. Dussandi, Gujar, -- dead.
2. Bassi, wife of above,– dead.
3. Ranja, child of above, --dying.
4. Rukna, ditto, 20 days old, -dying.
5. Rahanti, sister-in-law of No. 1, --dying.
6. Kowra, wife of Buta, Kisab, --dying.
7. Bija, daughter of Buta, --may recover.
8. Ghana, daughter of Bija, 10 years,-- may recover
9. Akhu, Rajput, -- may recover.

There are only two familiesof butchers in the butcher's hamlet, which is about 150 yards from the town. Nos. 1,2, 3, 4, 5 and 9 were visitors for a day. Buta and Ranja, two butchers were saved, the former being absent at Ludhiana, and the latter being on the top of his house. This ignorance of the absence of Buta and of the custom of Ranja to sleep on the roof indicates that the assassins were not residents of Raikot or its neighborhood.

2. I have today heard, by telegraph, of the arrest of seven Kukas in Patiala territory whither they had been traced from Raikot; their swords were also found. Further particulars will be sent when they are received by His Honor the Lieutenant Governor. The Sikhs naturally would wish to fix the crime on the obnoxious sect of Kukas, and there is as yet no certainty that the right persons have been arrested. His Highness, the Maharaja of Patiala has given every assistance in following up the case.

3. I am to add that although these murders have excited a very painful sensation among the people, yet it is reported that there is no feeling against the Government with reference to the kine-slaughter question.

***

***Progress Report of Enquiry No. III, (in the Raikot murder case) dated 22nd July 1871***

This day,the Nazim of Patiala, with Police officials of Government and of the Patiala state, arrived with the following prisoners -- all Kookahs:--

1. Khazan Singh,
2. Dull Singh,
3. Mungul Singh,
4. Goormukh Singh,
5. Mustan Singh,

and several other Kookahs against whommore or less suspicion exists.

From the statement of No.1,Khazan Singh (aged Faqueer Kookah, not capable of taking part himself in the attack) it appears that the four above mentioned, with one Ruttun Singh, Naee, of Naeewalla(Patiala), spent the day of the 15th at his (Khazan Singh's) Tukiya in Cheeneewalla; that they left towards evening and were joined by four others at a spot on the road to Raikot; that Ruttun Singh remained behind(he being lame, and obliged to ride a camel), while the rest of the party (eight in number) proceeded to the butchers' houses at Raikot and perpetrated the outrage thereon. They afterwards dispersed, -- the four above mentioned, with

Ruttun Singh returning to Khazan Singh's house at Cheeneewalla a little before daybreak, making over to him three swords (produced by witness)for concealment, and stating that they had "done for the butchers."They subsequently went off to their homes, situated in the villages of the Patiala State, whence they were hunted up and brought in.The statement of Khazan Singh is confirmed by that of Ram Kour, wife of accused No.2 (Dull Singh) who prepared food for the party, and who knew them all individually, also by a full confession on the part of Dull Singh himself.

Ruttun Singh, Naee, is a notorious character and has been for some time proclaimed for offenses in the Patiala State; he is a Deputy Soobah of Ram Singh, Kookah, acting as the subordinate of Gyanee Singh, the real Soobah of Kookahs in this part of the country.Gyanee Singh is also a most turbulent character, ever inciting the followers of the sect to violent demonstrations, encouraging them to abandon house and home, and to devote themselves entirely to Ram Singh's service.

It is generally known, and talked of in the villages bordering Patiala,Ludhiana and Ferozpore that Ram Singh, in the course of his recent tours, has spoken of the extermination of butchers as a meritorious work, and one which was incumbent on the Kookahssooner or later to perform, enjoining, however, that they should act with discretion and await the fitting time, which he said had not then come.

***23rd July***

It is today reported that many Kookahsfrom the surrounding country have been noticed to be proceedinginsmall parties towards Bhainie (Ram Singh's headquarters). Arrangements have been made for obtaining early information of what may be going on there.

***

No. 237, dated 24th July 1871

From – J.W. MacNabb, Esq., Offg, Commissioner and Superintendent
Ambala Division.

To – The Offg. Secretary to Government, Punjab.

Begs to forward, for the information of His Honorthe Lieutenant-Governor, copy of a letter from the Offg. Deputy Commissioner, Ludhiana, No. 177, dated 18th instant, reporting on the murder of butchers at Raikot, in the district.

***

Memo dated camp, Basssean, near Raikot, 24th July 1871

From – L. Cowan, Esq., Offg. Deputy Commissioner, Ludhiana.

To – The Offg. Secretary to Government, Punjab.

*Progress Report in the Raikot Case.*

Four of the seven Kookahs,arrested are undoubtedly the murderers.Their swords have all been found, four of them with the blood, hairand skin on them.One of their member, Dull Singh, has turned approver on an offer of pardon.He came out somewhat reluctantly with the details, but his wife, an intelligent woman,in order to save her husband, has

given a clear account of the affair. It appears that the leader of the gang was one Ruttun Singh, Kooka, a man of loose character, formerly residing at Nai Walla, in the Puttialla State, but for the last two years a *khana-ba-dosh*. This man took a part in Umritsar murders.He afterwards, accompanied by four of his Umritsar accomplices,three Kookasof the Umritsar district, and one (Golab Singh), ofMogha, in the Ferozepore district, came to his former home and induced the four men of Chunniwalto join him in the attack on the Raikotbutchers. The probability is that Ruttun Singh was not a leader in the Umritsar business, but that he offered himself or was chosenfrom the known turbulence and looseness of his character; and that he afterwards, in imitation of the deed at Umritsar, made himself head of a gang for the purpose of committing a similar atrocity near his own home. Golab Singh, the Mogha Kooka, has been arrested, but has not yet arrived.The information is that the Kookas at Umritsar disguised themselves as *Nahungs* when they committed the murders.Ruttun Singh is a kind of deputy to Gyanee Singh, the Kooka Soobah of these parts, a man of bad character, who has been for two years in a Puttialla jail for creating a disturbance. Gyanee Singh has been sent for.

The approver and the witnesses, by whom many of his statements are corroborated, state that when Ram Singh was at Raisar, a few weeks before the Umritsar business, mention was made to him that one Kooka had murdered another, in the Ferozepore district, whereupon Ram Singh in a speech or sermon upbraided his followers for killing each other, and asked them if they knew of no enemies of their religion whom they could kill; and that he went on to allude to the defilement of the holy place at Umritsar by the presence there of slaughters of cows.Several of his followers cried out, -"if you order it, we will kill the butchers." Ram Singh replied,- "Don't do anything in a hurry; the time has not yet come."It is not improbable that some of the Soobah's men, selected for their zeal and fanaticism, and often men of very bad character, may have given out that it was Ram Singh's order to kill the butchers.

**to be continued**

........................................................

## The Fauja Way

*"Aithey di buddiyaan vekho, unfit, jama ni apna khyal rakhdiyaan. Aa soniyaan memaan nu dekho, kinni fit hondiyaan ne* (Indian elderly ladies don't care about fitness and figure. Look at the English ladies, how fit and beautiful they are)," he would say.

Once, an octogenarian runner was invited for an event, but he didn't stand with her for a picture. *"Main ni khada hona buddi kol* (I will not stand next to this old lady)," he muttered. But he was always ready for selfies with fit young ladies.

He inspired millions around the world but could not save himself in a hit-and-run mishap- an abrupt end to a beautiful journey. Whatever begins does come to an end but his life encourages us to live it fully. The Fauja way.

**(Courtsey Kirpal Singh Chana)**

........................................................

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜੀ ਦਾ ਇਟਲੀ, ਜਰਮਨ ਦੌਰਾ

14 ਅਗਸਤ 2023 ਤੋਂ 2 ਸਾਲ ਬਾਅਦ 2**6 ਜੁਲਾਈ 2025** ਨੂੰ ਸਤਿਗੁਰੂ ਉਦੈ ਸਿੰਘ ਜੀ ਨੇ ਇਟਲੀ ਦੀ ਸੰਗਤ ਨੂੰ ਤਾਰਨ ਲਈ ਦੂਸਰਾ ਦੌਰਾ ਕੀਤਾ ਇਸ ਦਿਨ ਨੂੰ ਇਥੋਂ ਦੀ ਸੰਗਤ ਲਈ ਯਾਦਗਾਰੀ ਦਿਨ ਬਣਾ ਦਿੱਤਾ। ਸਤਿਗੁਰੂ ਜੀ ਨੇ 26-8-25 ਦਿਨ ਸ਼ਨੀਵਾਰ ਦੁਪਿਹਰ 3:10 ਮਿੰਟ 'ਤੇ ਇਟਲੀ ਦੀ ਧਰਤੀ ਨੂੰ ਭਾਗ ਲਗਾਏ। ਏਅਰਪੋਰਟ ਲੀਨਾਤੇ (ਮਿਲਾਨ) ਉਤਰ ਕੇ ਪਾਤਸ਼ਾਹ ਜੀ ਬਾਹਰ ਆ ਗਏ ਜਿਥੇ ਸਾਰੀ ਸੰਗਤ ਨੇ ਫੁੱਲਾਂ ਦੀ ਭੇਂਟਾ ਦੇ ਕੇ ਸਤਿਗੁਰੂ ਜੀ ਦਾ ਨਿੱਘਾ ਸਵਾਗਤ ਕੀਤਾ। ਪਾਤਸ਼ਾਹ ਜੀ ਵੀ ਸੰਗਤ ਵੱਲ ਵੇਖ ਕੇ ਬਹੁਤ ਖੁਸ਼ ਹੋਏ ਤੇ ਸਭ ਦਾ ਹਾਲ ਪੁੱਛਿਆ ਉਸ ਦੇ ਨਾਲ ਹੀ ਸਤਿਗੁਰੂ ਜੀ ਏਅਰਪੋਰਟ ਤੋਂ ਬਾਹਰ ਆ ਕੇ ਲੁਜਾਰੇ ਵੱਲ ਨੂੰ ਚਾਲੇ ਪਾ ਦਿੱਤੇ। ਰਸਤੇ ਵਿੱਚ ਜਾਂਦਿਆਂ ਸਤਿਗੁਰੂ ਜੀ ਨੇ ਸੰਤ ਗੁਰਮੀਤ ਸਿੰਘ ਜੀ ਦੇ ਗ੍ਰਿਹ ਵਿੱਚ ਚਰਨ ਪਾਏ ਜੋ ਕਿ ਸਾਰੇ ਪਰਿਵਾਰ ਸਮੇਤ ਇਟਲੀ ਦੇ ਇੱਕ ਪਿੰਡ ਕਾਸਤਲਨੋਨੌ ਦੀ ਸੌਤੌ ਵਿੱਚ ਰਹਿ ਰਹੇ ਹਨ। ਸਤਿਗੁਰੂ ਜੀ ਬਚਨ ਕਰਕੇ ਉਥੋਂ ਲੁਜਾਰੇ ਵਿਖੇ ਪਹੁੰਚੇ ਜਿਥੇ ਰਾਗੀਆਂ ਦੁਆਰਾ 6:30-7:30 ਵਜੇ ਤੱਕ ਨਿਤਨੇਮ ਤੇ ਕੀਰਤਨ ਹੋਇਆ ਪਾਤਸ਼ਾਹ ਜੀ ਨੇ ਇਸ ਦੌਰਾਨ ਸ. ਬਲਜੀਤ ਸਿੰਘ ਜੀ ਦੇ ਘਰ ਚਰਨ ਪਾਏ ਤੇ ਜਲ ਪਾਣੀ ਛਕਿਆ।

**27-8-25** ਨੂੰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹੋਇਆ ਉਪਰੰਤ ਸਤਿਗੁਰੂ ਜੀ ਨੇ ਬਰੀਆਨੋ ਜ਼ਿਲ੍ਹਾ ਬੈਰਗਾਮੋ ਵੱਲ ਚਾਲੇ ਪਾ ਦਿੱਤੇ। ਰਸਤੇ ਵਿਚ ਆਉਂਦੇ ਸਮੇਂ ਸੰਤ ਜੋਗਾ ਸਿੰਘ ਜੀ ਦੇ ਘਰ ਪਿੰਡ ਕੀ ਆਪੌ ਵੀਚੈਂਸਾ ਵਿਚ ਚਰਨ ਪਾਉਣ ਦੀ ਕ੍ਰਿਪਾਲਤਾ ਕੀਤੀ। ਉਥੋਂ ਹੁੰਦੇ ਹੋਏ ਸ. ਹਰਦੀਪ ਸਿੰਘ, ਹਰਮੀਤ ਸਿੰਘ, ਕਰਨ ਸਿੰਘ, ਬਲਵਿੰਦਰ ਸਿੰਘ ਪਿੰਡ ਗਵਾਰਦੋ ਬਰੇਸ਼ੀਆ ਦੇ ਗ੍ਰਿਹ ਵਿਖੇ ਵੀ ਚਰਨ ਪਾਏ। ਸ਼ਾਮ 5 ਵਜੇ ਸਤਿਗੁਰੂ ਜੀ ਹਾਲ ਵਿਚ ਪਹੁੰਚ ਗਏ ਜਿਥੇ ਉਹਨਾਂ ਦਾ ਸੰਗਤਾ ਵਲੋਂ ਸ਼ਬਦ ਬੋਲ ਕੇ ਜੋ ਕੇ ਇਸ ਤਰ੍ਹਾਂ ਹੈ-

ਜੀ ਆਇਆ ਨੂੰ ਜੀ ਆਇਆ ਨੂੰ
ਗੁਰੂ ਰਾਮ ਸਿੰਘ ਦੇ ਜਾਇਆ ਨੂੰ

ਗਾ ਕੇ ਸਵਾਗਤ ਕੀਤਾ ਗਿਆ ਫਿਰ ਰਾਗੀਆਂ ਵਲੋਂ ਕੀਰਤਨ ਕੀਤਾ ਗਿਆ। ਉਸ ਤੋਂ ਬਾਅਦ ਇਥੇ ਦੇ ਬੱਚਿਆਂ ਵਲੋਂ ਦੀਵਾਨ ਲਗਾਇਆ ਤੇ ਕਵਿਤਾ ਪੜ੍ਹੀਆਂ ਗਈਆਂ ਜਿਸ ਨਾਲ ਸਤਿਗੁਰੂ ਜੀ ਨੇ ਸਾਰਿਆਂ ਨੂੰ ਸ਼ਾਬਾਸ਼ ਬੋਲ ਕੇ ਖੁਸ਼ੀਆਂ ਬਖਸ਼ੀਆ ਤੇ ਸਾਰੀ ਸੰਗਤ ਦੀਆਂ ਅਰਜ਼ਾ ਸੁਣ ਕੇ ਖੁਸ਼ੀਆਂ ਦੀਆਂ ਦਾਤਾਂ ਝੋਲੀ ਪਾਈਆਂ। ਸਮਾਪਤੀ ਤੋਂ ਬਾਅਦ ਗੁਰੂ ਦਾ ਲੰਗਰ ਵਰਤਾਇਆ ਗਿਆ ਜਿਸ ਵਿੱਚ ਮਾਤਾ ਜੀ ਨੇ ਆਪਣੇ ਹਸਤ-ਕਮਲਾ ਨਾਲ ਲੱਡੂਆਂ ਦਾ ਪ੍ਰਸ਼ਾਦ ਵੰਡਿਆ ਇਸ ਸਮੇਂ ਸਾਰੀ ਸੰਗਤ ਨੇ ਬੜੇ ਉਤਸ਼ਾਹ ਨਾਲ ਸੇਵਾ ਕੀਤੀ ਜਿਸ ਵਿੱਚ ਗੁਰਸੇਵ ਸਿੰਘ, ਹਰਦੀਪ ਸਿੰਘ, ਹੀਰਾ ਸਿੰਘ, ਮਨਿੰਦਰ ਸਿੰਘ ਨੇ ਅੱਗੇ ਵੱਧ ਕੇ ਸਾਰੀ ਸੇਵਾ ਸੰਭਾਲੀ। ਸ਼ਾਮ ਦੇ 7:30 ਵਜੇ ਸੰਤ ਬਲਬੀਰ ਸਿੰਘ (ਮੁਕੇਰੀਆਂ) ਦੇ ਪੁੱਤਰ ਸ. ਗੁਰਸੇਵ ਸਿੰਘ ਜੀ ਦੇ ਗ੍ਰਿਹ ਵਿਖੇ ਸਤਿਗੁਰੂ ਜੀ ਨੇ ਚਰਨ ਪਾਉਣ ਦੀ ਬਖਸ਼ਿਸ਼ ਕੀਤੀ ਉਥੇ ਪਾਤਸ਼ਾਹ ਜੀ ਨੇ ਜਲ-ਪਾਣੀ ਛੱਕਿਆ ਤੇ ਬਚਨ ਬਿਲਾਸ ਕੀਤੇ ਖੁਸ਼ੀਆਂ ਦੇ ਕੇ ਸਤਿਗੁਰੂ ਜੀ ਉਥੇ ਸੰਤ ਸਤਿਨਾਮ ਸਿੰਘ ਦੇ ਪੁੱਤਰ ਸ. ਸੁਖਪਾਲ ਸਿੰਘ ਜੀ ਦੇ ਘਰ ਆ ਗਏ ਜਿੱਥੇ ਉਹਨਾਂ ਦੇ ਡੇਰੇ ਦਾ ਪ੍ਰਬੰਧ ਕੀਤਾ ਹੋਇਆ ਸੀ। ਸਤਿਗੁਰੂ ਜੀ ਇਥੇ ਦੋ ਰਾਤਾਂ ਮਾਤਾ ਜੀ ਅਤੇ ਸੇਵਕਾ ਸਮੇਤ ਰੁਕੇ ਸਨ।

**28-8-25 ਦਿਨ ਸੋਮਵਾਰ** ਨੂੰ ਆਸਾ ਦੀ ਵਾਰ ਦਾ ਆਨੰਦਮਈ ਕੀਰਤਨ ਰਾਗੀਆਂ ਦੁਆਰਾ ਕੀਤਾ ਗਿਆ। ਉਸ ਤੋਂ ਬਾਅਦ ਸਤਿਗੁਰੂ ਜੀ ਸੰਗਤਾਂ ਦੇ ਨਾਲ ਘੁੰਮਣ ਲਈ ਚਲੇ ਗਏ। ਉਥੇ ਸਤਿਗੁਰੂ ਜੀ ਨਾਲ ਇਟਲੀ ਦੀ ਮਨਮੋਹਕ ਸ਼ਹਿਰ ਸਾਰਨੀਕੋ, ਮੌਨਤਪੋਰਾ, ਲਾਗੌ ਦੀ ਈਜੀਉ ਕੁਦਰਤੀ ਝਰਨਿਆ ਦਾ ਨਜ਼ਾਰਾ ਮਾਨਣ ਦਾ ਮੌਕਾ ਮਿਲਿਆ।

**29-8-25 ਨੂੰ ਦਿਨ ਮੰਗਲਵਾਰ** ਫਿਰ ਆਸਾ ਦੀ ਵਾਰ ਦਾ ਕੀਰਤਨ ਹੋਇਆ ਉਸ ਦੇ ਨਾਲ ਹੀ ਸਤਿਗੁਰੂ ਜੀ ਨੇ ਸੋਧ ਦਾ ਪ੍ਰਸ਼ਾਦਾ ਛੱਕ ਕੇ ਟਰੇਨ ਰਾਹੀਂ ਜਰਮਨ ਵੱਲ ਚਾਲੇ ਪਾ ਦਿੱਤੇ ਸਤਿਗੁਰੂ ਜੀ ਯੂਰਿਕ ਪਹੁੰਚੇ ਜਿਥੇ ਉਹਨਾਂ ਨੂੰ ਜਰਮਨ ਦੀਆਂ ਸੰਗਤਾਂ ਲੈਣ ਵਾਸਤੇ ਆਈਆਂ ਹੋਈਆਂ ਸਨ। ਸ਼ਾਮ ਨੂੰ ਸਤਿਗੁਰੂ ਜੀ ਜੋ ਸ. ਦਰਸ਼ਨ ਸਿੰਘ ਜੀ ਦੇ ਹੋਟਲ ਦੇ ਹਾਲ ਵਿਚ ਪਹੁੰਚੇ ਜਿਥੇ ਰਾਗੀਆਂ ਰਾਹੀਂ ਨਿਤਨੇਮ

ਤੇ ਕੀਰਤਨ ਹੋਇਆ। ਅਗਲੇ ਦਿਨ ਦੀ ਆਸਾ ਦੀ ਵਾਰ ਦਾ ਕੀਰਤਨ ਵੀ ਉਥੇ ਹੀ ਹਾਲ ਵਿਚ ਹੋਇਆ। ਉਸੇ ਦਿਨ ਸ਼ਾਮ ਨੂੰ ਸੰਗਤ ਘੁੰਮਣ ਲਈ ਨਿਕਲ ਗਈਆਂ। ਸਤਿਗੁਰੂ ਜੀ ਨੇ ਸਭ ਨਾਲ ਬਚਨ ਬਿਲਾਸ ਕੀਤੇ ਫਿਰ 31-8-25 ਨੂੰ ਸਵੇਰ ਨੂੰ ਆਸਾ ਦੀ ਵਾਰ ਦਾ ਕੀਰਤਨ ਹੋਇਆ ਉਸ ਤੋਂ ਬਾਅਦ ਸਤਿਗੁਰੂ ਜੀ ਨੇ ਡੈਨਮਾਰਕ ਨੂੰ ਚਾਲੇ ਪਾ ਦਿੱਤੇ ਸਤਿਗੁਰੂ ਜੀ ਨੇ ਸਾਰੇ ਯੂਰਪ ਦੀ ਸੰਗਤਾਂ ਨੂੰ ਖੁਸ਼ੀਆਂ ਦੇ ਕੇ ਨਿਵਾਜਿਆ ਹੈ। ਅਸੀਂ ਸਾਰੇ ਸਤਿਗੁਰੂ ਜੀ ਦਾ ਬਹੁਤ ਧੰਨਵਾਦ ਕਰਦੇ ਹਾਂ ਪਾਤਸ਼ਾਹ ਜੀ ਸਾਨੂੰ ਇਸੇ ਤਰ੍ਹਾਂ ਨਿਮਾਣਿਆ ਨੂੰ ਮਾਣ ਦਿੰਦੇ ਰਹਿਣ ਤੇ ਸਾਡੇ ਸਾਰਿਆਂ ਤੇ ਆਪਣੀ ਬਖਸ਼ਿਸ਼ ਬਣਾਈ ਰੱਖਣ।

**ਸੁਖਪਾਲ ਸਿੰਘ**

.......................................................

## ਸ੍ਰੀ ਸਤਿਗੁਰੂ ਜੀ ਦਾ ਇਲਾਕਾ ਸ੍ਰੀ ਜੀਵਨ ਨਗਰ ਦੌਰਾ

**ਮਿਤੀ 15 ਅਗਸਤ 2025 ਦਿਨ ਸ਼ੁੱਕਰਵਾਰ**– ਸਵੇਰੇ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਦਿੱਲੀ ਵਿਖੇ ਸਥਾਨਕ ਜਥੇ ਵੱਲੋਂ ਸਾਜਨ ਸਿੰਘ, ਬਸੰਤ ਸਿੰਘ ਦੀ ਅਗਵਾਈ ਵਿੱਚ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕੀਤਾ ਗਿਆ। ਵਾਰ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਕੁਝ ਸਮਾਂ ਪ੍ਰਸ਼ਾਦ ਪਾਣੀ ਛਕਣ ਉਪਰੰਤ ਆਪਣੇ ਡੇਰੇ K-17 ਰਜੋਰੀ ਗਾਡਨ ਵਿਖੇ ਵਿਸ਼ਰਾਮ ਕਰਨ ਉਪਰੰਤ ਸਾਹਿਬਪੁਰਾਂ ਵਿਖੇ ਜਥੇਦਾਰ ਧਰਮ ਸਿੰਘ ਦਿੱਲੀ ਦੇ ਸਪੁੱਤਰ ਰਾਜਪਾਲ ਸਿੰਘ ਦੇ ਚੜ੍ਹਾਈ ਕਰਨੇ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਏਥੋਂ ਹੀ ਸ੍ਰੀ ਸਤਿਗੁਰੂ ਜੀ ਵਾਇਆ ਹਿਸਾਰ, ਰੋਹਤਕ ਹੁੰਦੇ ਹੋਏ ਸਿਰਸਾ ਸ਼ਹਿਰ ਵਿਖੇ D.C ਕਲੋਨੀ ਸ. ਤਰਨਜੀਤ ਸਿੰਘ ਡਿੰਪਾ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜ਼ਿਲ੍ਹਾ ਸਿਰਸਾ ਦਾ ਸ਼ਹਿਰ ਰਾਣੀਆਂ ਨਾਮਧਾਰੀ ਗੁਰਦੁਆਰਾ ਸਾਹਿਬ ਵਿਖੇ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਨਾਮਧਾਰੀ ਗੁਰਦੁਆਰਾ ਵਿਖੇ ਹੀ ਮਾਤਾ ਕ੍ਰਿਪਾਲ ਕੌਰ ਧਰਮ ਪਤਨੀ ਸ. ਕਪੂਰ ਸਿੰਘ ਨਮਿੱਤ ਪਾਠ ਦਾ ਭੋਗ ਪਾਇਆ ਗਿਆ ਜੋ ਪਿੱਛਲੇ ਦਿਨੀਂ ਚੜ੍ਹਾਈ ਕਰ ਗਏ ਸਨ। ਜਥੇ. ਜਸਵਿੰਦਰ ਸਿੰਘ ਭਿੰਡਰ ਨੇ ਦੀਵਾਨ ਸਜਾਇਆ ਅਤੇ ਸ. ਸੁਰਵਨ ਸਿੰਘ ਵਿਰਕ ਜੀ ਨੇ ਪਰਿਵਾਰਕ ਜਾਣਕਾਰੀ ਅਤੇ ਸਰਧਾਂਜਲੀ ਸ਼ਬਦ ਬੋਲੇ। ਇਸ ਸਮੇਂ ਕਿਸਾਨ ਯੂਨੀਅਨ ਦੇ ਆਗੂ ਸ. ਗੁਰਨਾਮ ਸਿੰਘ ਚੜੂਨੀ ਅਤੇ ਡਾ. ਕੇ.ਵੀ ਸਿੰਘ ਸਾਬਕਾ ਓ.ਐਸ.ਡੀ ਹਰਿਆਣਾ ਮੁੱਖ ਮੰਤਰੀ ਵੀ ਹਾਜ਼ਰ ਸਨ। ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਮਾਤਾ ਕ੍ਰਿਪਾਲ ਕੌਰ ਨਮਿੱਤ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ। ਕੁਝ ਸਮਾਂ ਮਸਤਾਨਗੜ੍ਹ ਰੁਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪ੍ਰਤਾਪ ਨਗਰ ਵਿਖੇ ਬਣੇ 'ਜਗਜੀਤ ਮੰਦਰ' ਵਿੱਚ ਦਰਸ਼ਨ ਦਿੱਤੇ। ਜਗਜੀਤ ਮੰਦਰ ਵਿਚ ਸ. ਅਮਰ ਸਿੰਘ ਦੀ ਧਰਮ ਪਤਨੀ ਦਲਜੀਤ ਕੌਰ ਨਮਿੱਤ ਭੋਗ ਸਮਾਗਮ ਸਮੇਂ ਜੱਥੇ, ਨਿਸ਼ਾਨ ਸਿੰਘ ਦਿੱਲੀ ਅਤੇ ਜੱਥੇ. ਗੁਰਬਚਨ ਸਿੰਘ ਵੀਰੋਕੇ ਨੇ ਦੀਵਾਨ ਸਜਾਇਆ। ਸ. ਸੁਵਰਨ ਸਿੰਘ ਵਿਰਕ ਜੀ ਦੇ ਭਾਸ਼ਣ ਉਪਰੰਤ ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਾਤਾ ਦਲਜੀਤ ਕੌਰ ਨਮਿੱਤ ਪਾਇਆ ਗਿਆ। ਭੋਗ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਐਲਨਾਬਾਦ ਕਾਂਗਰਸੀ ਆਗੂ ਸ੍ਰੀ ਕ੍ਰਿਸਨ ਗੋਦਾਰਾ ਦੇ ਲੜਕੇ ਸ੍ਰੀ ਰਾਜੇਂਦਰ ਗੋਦਾਰਾ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ. ਹਰਭਜਨ ਸਿੰਘ ਦੀ ਸਿਹਤ ਦਾ ਹਾਲ ਚਾਲ ਪੁੱਛਿਆ। ਹਰਿਆਣਾ ਦੇ ਬਾਡਰ ਦੇ ਵੱਸੇ ਪਿੰਡ ਤਲਵਾੜਾ ਵਿਖੇ ਸ. ਦਲੇਰ ਸਿੰਘ, ਪ੍ਰਿਤਪਾਲ ਸਿੰਘ, ਰਣਜੀਤ ਸਿੰਘ, ਗੁਰਜੀਤ ਸਿੰਘ ਪੁੱਤਰ ਸ. ਕੋਮਲ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ. ਜੋਗਿੰਦਰ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਪਿੰਡ ਅਮਰਾਸਰ ਖੁਰਦ ਵਿਖੇ ਸ. ਬਲਦੇਵ ਸਿੰਘ ਡੀ.ਸੀ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਅੰਮ੍ਰਿਤਸਰ ਕਲਾਂ ਵਿਖੇ ਸ. ਕਸ਼ਮੀਰ ਸਿੰਘ ਪੁੱਤਰ ਸ. ਪੂਰਨ ਸਿੰਘ ਰੰਧਾਵਾਂ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ। ਸੰਤ ਨਗਰ ਵਿਖੇ ਮਾਤਾ ਧਰਮਪਾਲ ਕੌਰ ਪਤਨੀ ਸ. ਦਰਸ਼ਨ ਸਿੰਘ ਆਰੇਵਾਲੇ ਦੇ ਚੜਾਈ ਕਰਨ ਅਤੇ ਸ. ਮੋਹਨ ਸਿੰਘ ਪੁੱਤਰ ਹਰਬੰਸ ਸਿੰਘ ਦੇ ਥਾਈਲੈਂਡ ਸੜਕ ਹਾਦਸੇ ਵਿਚ ਚੜ੍ਹਾਈ ਕਰਨ ਅਤੇ ਪਿੰਡ ਹਾਰਨੀ ਕਲਾਂ ਵਿਖੇ ਸ. ਕੁਲਦੀਪ ਸਿੰਘ ਪੁੱਤਰ ਬੰਤਾ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰਾਂ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ਼ਾਮ ਨੂੰ ਸ੍ਰੀ ਗੁਰੂ ਹਰੀ ਸਿੰਘ ਕਾਲਜ ਦੇ ਗਰਾਂਉਡ ਵਿਚ ਨੌਜਵਾਨ ਖਿਡਾਰੀਆਂ ਨੂੰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ ਅਤੇ ਖੇਡ ਪ੍ਰਬੰਧਕਾਂ ਨਾਲ ਉਚੇਚੇ ਕੁਝ ਵਿਚਾਰ ਵਟਾਦਰਾਂ ਮੀਟਿੰਗ ਦੇ ਰੂਪ ਵਿੱਚੋਂ ਵੀ ਕੀਤਾ ਗਿਆ। ਰਾਤ ਮਸਤਾਨਗੜ੍ਹ ਜਿਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਦਾ

ਡੇਰੇ ਹੋਇਆ ਕਰਦਾ ਸੀ। ਉਸ ਡੇਰਾ ਦਾ ਨਵੀਨੀਕਰਨ ਕੀਤਾ ਗਿਆ ਹੈ ਅਤੇ ਉਸ ਡੇਰੇ ਨੂੰ ਨਵੀਂ ਦਿੱਖ ਪ੍ਰਦਾਨ ਕੀਤੀ ਗਈ ਹੈ। ਇਸ ਵਾਰ ਸ੍ਰੀ ਸਤਿਗੁਰੂ ਜੀ ਨੇ ਆਪਣਾ ਡੇਰਾ ਉਥੇ ਹੀ ਨਿਵਾਸ ਕੀਤਾ।

**ਮਿਤੀ 16 ਅਗਸਤ 2025 ਦਿਨ ਸ਼ਨੀਵਾਰ:** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਜੱਥੇ. ਜਸਵਿੰਦਰ ਸਿੰਘ ਭਿੰਡਰ ਅਤੇ ਬਿਕਰਮਜੀਤ ਸਿੰਘ ਐਲਨਾਬਾਦ ਅਤੇ ਸਥਾਨਕ ਨੌਜਵਾਨਾਂ ਵਲੋਂ ਮਿਲ ਕੇ ਵਾਰ ਦੇ ਰੂਪ ਵਿਚ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕੀਤਾ ਗਿਆ। ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ ਅਤੇ ਹੁਕਮ ਕੀਤਾ ਕਿ ਤੁਸੀਂ ਸਫੈਦ ਗੁਰਮੁਖੀ ਬਾਣੇ ਵਿਚ ਬੈਠੇ ਬਹੁਤ ਸੋਹਣੇ ਲੱਗਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਅਗਲੇ ਮਹੀਨੇ ਆਰੰਭ ਹੋਣ ਵਾਲੇ ਜਪ-ਪ੍ਰਯੋਗ ਜੋ ਹਰ ਨਗਰ ਵਿੱਚ ਹੋਣੇ ਹਨ। ਉਸ ਬਾਬਤ ਉਚੇਚੇ ਹੁਕਮ ਕੀਤੇ ਕਿ ਉਹਨਾਂ ਦਿਨਾਂ ਵਿੱਚ ਬਜਾਰ ਦਾ ਭੋਜਨ ਨਾ ਖਾਧਾ ਜਾਵੇ, ਗੁਰਬਾਣੀ ਨਾਲ ਜੁੜ ਕੇ, ਸੰਜਮ ਵਿੱਚ ਰਹਿ ਕੇ ਭਜਨ ਬਾਣੀ ਕੀਤਾ ਜਾਵੇ। ਮਸਤਾਨਗੜ੍ਹ ਤੋਂ ਵਾਪਸੀ ਸਮੇਂ ਪਿੰਡ ਨਕੋੜਾ ਵਿਖੇ ਸ. ਸੁਲੱਖਣ ਸਿੰਘ ਪੁੱਤਰ ਸ. ਬਾਵਾ ਸਿੰਘ ਦੇ ਗ੍ਰਹਿ ਵਿਖੇ ਪ੍ਰਸ਼ਾਦ ਪਾਣੀ ਛਕਣ ਉਪਰੰਤ ਸ. ਹਰਦੀਪ ਸਿੰਘ ਪੁੱਤਰ ਬਲਬੀਰ ਸਿੰਘ ਨਕੋੜਾ ਨਿਵਾਸੀ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ ਅਤੇ ਏਥੋਂ ਹੀ ਵਾਪਸੀ ਸ੍ਰੀ ਭੈਣੀ ਸਾਹਿਬ ਲਈ ਪਧਾਰੇ।

**ਸੂਬਾ ਬਲਵਿੰਦਰ ਸਿੰਘ ਝੱਲ**

.................................................

## ਮਾ. ਨਿਹਾਲ ਸਿੰਘ ਯਾਦਗਾਰੀ ਪੁਰਸਕਾਰ ਸ. ਗੁਰਬਚਨ ਸਿੰਘ ਭੁੱਲਰ ਦੇ ਨਾਮ

ਨਾਮਧਾਰੀ ਪੰਥ ਦੇ ਸਤਿਕਾਰੇ ਅਤੇ ਸਨਮਾਨੇ ਹੋਏ ਸ਼ਖ਼ਸ ਮਾਸਟਰ ਨਿਹਾਲ ਸਿੰਘ ਜਿਨ੍ਹਾਂ ਦੀ ਮਨੋਬਿਰਤੀ ਜਨਮ ਤੋਂ ਲੈ ਕੇ ਆਖਰੀ ਸਵਾਸ ਤੱਕ ਕਾਇਮ ਰਹੀ ਕਿ "ਸਤਿਗੁਰੂ ਵਡਾ ਕਰ ਸਲਾਹੀਐ" ਉਸ ਮਹਾਨ ਸ਼ਖ਼ਸੀਅਤ ਦੀ ਯਾਦ ਨੂੰ ਤਰੋਤਾਜਾ ਰੱਖਦੇ ਹੋਏ ਨਾਮਧਾਰੀ ਪੰਥ ਦੇ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਮਾਸਟਰ ਨਿਹਾਲ ਸਿੰਘ ਯਾਦਗਾਰੀ ਸਮਾਗਮ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਦਿੱਲੀ ਵਿਖੇ ਕਰਵਾਇਆ ਗਿਆ। ਮਾਸਟਰ ਜੀ ਦੇ ਪਰਿਵਾਰ ਵੱਲੋਂ ਉਹਨਾਂ ਦੇ ਸਪੁੱਤਰ ਸ. ਚਰਨਜੀਤ ਸਿੰਘ ਅਤੇ ਮਨਮੋਹਨ ਸਿੰਘ ਵੱਲੋਂ ਹਰ ਸਾਲ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਕਿਸੇ ਵੀ ਖੇਤਰ ਵਿਚ ਆਪਣਾ ਯੋਗਦਾਨ ਪਾਉਣ ਵਾਲੀ ਸ਼ਖ਼ਸੀਅਤ ਨੂੰ ਪ੍ਰਦਾਨ ਕੀਤਾ ਜਾਂਦਾ ਹੈ। ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਇਸ ਸਾਲ ਦਾ 24 ਵਾਂ ਸਲਾਨਾ ਪੁਰਸਕਾਰ ਪੰਜਾਬੀ ਸਾਹਿਤ ਜਗਤ ਦੀ ਬਹੁਤ ਹੀ ਸਤਿਕਾਰਯੋਗ ਸ਼ਖ਼ਸੀਅਤ ਸ. ਗੁਰਬਚਨ ਸਿੰਘ ਭੁੱਲਰ ਨੂੰ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਨਾਲ ਦੇ ਕੇ ਨਿਵਾਜਿਆ। ਸਾਹਿਤ ਜਗਤ ਦੇ ਖੇਤਰ ਵਿੱਚ ਸ. ਗੁਰਬਚਨ ਸਿੰਘ ਭੁੱਲਰ ਕਿਸੇ ਵੀ ਜਾਣ ਪਹਿਚਾਣ ਦੇ ਮੁਥਾਜ ਨਹੀਂ ਹਨ। ਆਪਣੀ ਕਲਮ ਤੋਂ ਅਨੇਕਾਂ ਪੁਸਤਕਾਂ ਉਹ ਪਾਠਕਾਂ ਦੀ ਝੋਲੀ ਵਿੱਚ ਪਾ ਚੁੱਕੇ ਹਨ ਅਤੇ ਅਨੇਕਾਂ ਸਾਹਿਤਕ ਅਕਾਦਮੀਆਂ ਅਤੇ ਸਾਹਿਤ ਖੇਤਰ ਵਿਚ ਕੰਮ ਕਰਨ ਵਾਲੀਆਂ ਸੰਸਥਾਵਾਂ ਤੋਂ ਅਨੇਕਾਂ ਹੀ ਪੁਰਸਕਾਰ ਪ੍ਰਾਪਤ ਕਰ ਚੁੱਕੇ ਹਨ।

**ਮਿਤੀ 14-8-25 ਦਿਨ ਵੀਰਵਾਰ** ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਇਸ ਸਮੇਂ ਸ. ਸੇਵਾ ਸਿੰਘ ਦਿੱਲੀ ਦੀ ਪੁਸਤਕ ਅਨਮੋਲ ਹੀਰੇ ਵੀ ਰਲੀਜ਼ ਕੀਤੀ ਗਈ। ਨਾਮ ਸਿਮਰਨ ਦੀ ਅਰਦਾਸ ਹੋਈ ਅਤੇ ਜ. ਨਿਸ਼ਾਨ ਸਿੰਘ ਦਿੱਲੀ ਨੇ ਦੀਵਾਨ ਸਜਾਇਆ। ਦੀਵਾਨ ਸਮਾਪਤੀ ਉਪਰੰਤ ਸ. ਸੁਵਰਨ ਸਿੰਘ ਵਿਰਕ ਨੇ ਸ. ਗੁਰਬਚਨ ਸਿੰਘ ਭੁੱਲਰ ਜੀ ਬਾਰੇ ਸੰਖੇਪ ਵਿਚ ਆਪਣੇ ਵਿਚਾਰ ਰੱਖੇ। ਜ. ਨਿਸ਼ਾਨ ਸਿੰਘ ਦਿੱਲੀ ਨੇ ਮਾਨ ਪੱਤਰ ਪੜ੍ਹਿਆ। ਸ. ਗੁਰਬਚਨ ਸਿੰਘ ਭੁੱਲਰ ਦਾ ਜਨਮ 1937 ਈ. ਜ਼ਿਲ੍ਹਾ ਬਠਿੰਡਾ ਦੇ ਪਿੰਡ ਪਿੱਥੋਂ ਵਿਖੇ ਹੋਇਆ ਜਿਸ ਨਗਰ ਦੇ ਸੂਬਾ ਹੁਕਮ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਜੀ ਅਤੇ ਹੋਰ ਸੂਬਿਆਂ ਸਮੇਤ ਗ੍ਰਿਫਤਾਰ ਕਰਕੇ ਇਲਾਹਾਬਾਦ ਕਿਲ੍ਹੇ ਵਿਚ ਕੈਦ ਰੱਖਿਆ ਗਿਆ ਸੀ। ਏਸੇ ਹੀ ਪਿੱਥੋ ਪਿੰਡ ਦੇ ਤਿੰਨ ਸ਼ਹੀਦ ਸੰਤ ਗੁਰਮੁਖ ਸਿੰਘ, ਮੰਗਲ ਸਿੰਘ ਅਤੇ ਮਸਤਾਨ ਸਿੰਘ ਹੋਏ ਹਨ ਜਿਨ੍ਹਾਂ ਰਾਏਕੋਟ ਵਿਖੇ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਨੇ ਭੁੱਲਰ ਸਾਹਿਬ ਨੂੰ ਲੋਈ, ਮਾਲਾ, ਮਾਣ ਪੱਤਰ, ਯਾਦਗਾਰੀ ਮੋਮੈਂਟੋ ਅਤੇ ਮਾਇਆ ਦੇ ਕੇ ਸਨਮਾਨਤ ਕੀਤਾ। ਸ. ਗੁਰਬਚਨ ਸਿੰਘ ਭੁੱਲਰ ਨੇ ਇਸ ਮੌਕੇ ਤੇ ਬੋਲਦਿਆਂ ਆਖਿਆ ਕਿ "ਅੱਜ ਮੇਰੇ ਲਈ ਬੜਾ ਭਾਗਾਂ ਵਾਲਾ ਦਿਨ ਚੜ੍ਹਿਐ, ਸਤਿਗੁਰੂ ਜੀ ਦੇ ਦਰਸ਼ਨ ਹੋਏ, ਬੀਬੀ ਜੀ ਦੇ ਦਰਸ਼ਨ ਹੋਏ, ਤੁਹਾਨੂੰ ਸਾਰਿਆਂ ਨੂੰ ਮਿਲਣ ਦਾ ਮੌਕਾ ਮਿਲਿਆ। ਸੁਣਦੇ ਸੀ ਕਿ ਅਗਰ ਸਤਿਗੁਰ ਚਾਹੇ ਤਾਂ ਸਿੱਖ ਨੂੰ ਉੱਚਾ ਚੁੱਕ ਦਿੰਦੈ। ਅੱਜ ਸਤਿਗੁਰੂ ਜੀ ਨੇ ਮੈਨੂੰ ਏਥੇ ਬਿਠਾ ਕੇ ਇਹ ਸੱਚਾ ਕਰ ਦਿੱਤਾ। (ਸਰੀਰਕ ਅਸਵਸਥ ਹੋਣ

ਕਰਕੇ ਸਟੇਜ ਉੱਤੇ ਕੁਰਸੀ ਤੇ ਬੈਠੇ ਸਨ) ਮੈਂ ਇਸ ਗੱਲ ਦੀ ਮਾਫ਼ੀ ਚਾਹੁੰਦਾ ਕਿਉਂਕਿ ਮੈਥੋਂ ਬੈਠਾ ਨਹੀਂ ਜਾਂਦਾ ਹੈ ਥੱਲੇ। ਇਹ ਜਿਹੜਾ ਪੁਰਸਕਾਰ ਸਨਮਾਨ ਮੈਨੂੰ ਮਿਲਿਆ, ਜਿਸ ਤਰ੍ਹਾਂ ਵਿਰਕ ਜੀ ਨੇ ਦੱਸਿਆ, ਜਿਕਰ ਕੀਤਾ ਮੇਰੇ ਪਹਿਲੇ ਮਿਲੇ ਸਨਮਾਨਾਂ ਦਾ, ਵੱਡੇ ਛੋਟੇ ਸਾਰੇ ਸਨਮਾਨਾਂ ਦਾ, ਲੇਕਿਨ ਮੈਂ ਸਮਝਦਾਂ ਸੱਚੇ ਦਿਲੋਂ, ਕੀ ਅੱਜ ਜਿਹੜਾ ਮੈਨੂੰ ਸਨਮਾਨ ਮਿਲਿਐ ਉਹ ਉਹਨਾਂ ਸਾਰਿਆਂ ਤੋਂ ਵੱਡਾ ਹੈ। ਉਹਦੇ ਕਾਰਨ ਨੇ ਕੁਝ। ਪਹਿਲੀ ਗੱਲ ਇਹ ਸਨਮਾਨ ਮਾਸਟਰ ਜੀ ਦੇ ਨਾਮ ਤੇ ਹੈ। ਉਹਨਾਂ ਦੀਆਂ ਜਿਹੜੀਆਂ ਸਿਫ਼ਤਾਂ ਨੇ, ਮੈਨੂੰ ਉਹਨਾਂ ਨੂੰ ਮਿਲਣ ਦਾ ਉਹਨੇ ਦੇ ਦਰਸ਼ਨ ਕਰਨ ਦਾ ਮੌਕਾ ਤਾਂ ਨਹੀਂ ਮਿਲਿਆ ਪਰ ਜੋ ਕੁਝ ਮੈਂ ਉਹਨਾਂ ਬਾਰੇ ਸੁਣਿਆ ਜਾਂ ਲਿਖਿਆ ਹੋਇਆ ਪੜ੍ਹਿਆ, ਉਹ ਇੱਕ ਬਹੁਤ ਚੰਗੇ ਮਨੁੱਖ ਸਨ। ਚੰਗੇ ਮਨੁੱਖ ਹੋਣਾ ਆਪਣੇ ਆਪ 'ਚ ਬਹੁਤ ਵੱਡੀ ਗੱਲ ਹੈ। ਦੂਜੀ ਗੱਲ ਉਹ ਚੰਗੇ ਅਧਿਆਪਕ ਸਨ। ਆ ਜਿਹੜਾ ਉਹਨਾਂ ਦੇ ਨਾਮ ਨਾਲ ਮਾਸਟਰ ਜੁੜਿਆ ਹੈ, ਮਾਸਟਰ ਤਾਂ ਉਦੋ ਸੈਂਕੜੇ ਹੋਣਗੇ, ਲੇਕਿਨ ਇਹ ਆਪ ਨਹੀਂ ਸੀ ਉਹਨਾਂ ਨੇ ਲਾਇਆ। ਉਹ ਬੜੇ ਚੰਗੇ ਲੇਖਕ ਸਨ। ਉਹਨਾਂ ਦੀ ਲੇਖਣੀ ਰਾਹੀਂ ਉਹਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਦਾ ਰਿਹਾ। ਸਾਰੇ ਪੱਤਰਾਂ ਵਿੱਚ ਉਹਨਾਂ ਦੀਆਂ ਲਿਖਤਾਂ ਛਪਦੀਆਂ ਸਨ। ਬੜੀ ਚੰਗੀ ਪੰਜਾਬੀ ਲਿਖਦੇ ਸਨ। ਜਿਹੜੀ ਸਾਡੀ ਪੀੜ੍ਹੀ ਹੈ ਅਸੀਂ ਉਹਨਾਂ ਵਰਗੇ ਲੇਖਕਾਂ ਕੋਲੋਂ ਸਿੱਖ ਕੇ ਹੀ ਏਥੇ ਪਹੁੰਚੇ ਹਾਂ। ਜਿਹੜੀ ਸਭ ਤੋਂ ਵੱਡੀ ਗੱਲ ਹੈ ਉਹ ਸਤਿਗੁਰੂ ਦੇ ਪਿਆਰੇ ਸਿੱਖ ਸਨ। ਜਿਹੜੇ ਸਿੱਖ ਨੂੰ ਸਤਿਗੁਰੂ ਆਪਣੇ ਹਿੱਕ ਨਾਲ ਲਗਾ ਲੈਣ, ਆਪਣੇ ਚਰਨਾ 'ਚ ਥਾਂ ਦੇ ਦੇਣ। ਮੈਨੂੰ ਯਾਦ ਹੈ ਕਿ ਉਹ ਜਦੋਂ ਅਧਿਆਪਕੀ ਤੋਂ ਹਟੇ, ਮੁੱਖ ਅਧਿਆਪਕ ਸਨ, ਫਿਰ ਉਹਨਾਂ ਨੂੰ ਸਕੂਲ ਦੇ ਮੈਨੇਜਰ ਲਾ ਦਿੱਤਾ ਗਿਆ ਫਿਰ ਉਹਨਾਂ ਨੂੰ ਭੈਣੀ ਸਾਹਿਬ ਬੁਲਾ ਲਿਆ ਗਿਆ। ਜੇ ਮੇਰਾ ਚੇਤਾ ਮੈਨੂੰ ਧੋਖਾ ਨਹੀਂ ਦਿੰਦਾ ਮੇਰਾ ਖਿਆਲ ਹੈ ਉਹਨਾਂ ਨੇ ਅੰਤਮ ਸਵਾਸ ਵੀ ਗੁਰੂ ਜੀ ਦੇ ਚਰਨਾਂ ਵਿਚ ਭੈਣੀ ਸਾਹਿਬ ਹੀ ਛੱਡੇ ਸਨ। ਐਸੇ ਮਹਾਨ ਆਦਮੀ ਦੇ ਨਾਮ ਤੇ ਅੱਜ ਦਾ ਪੁਰਸਕਾਰ ਮੈਨੂੰ ਮਿਲਿਆ, ਬੜੀ ਖੁਸ਼ੀ ਹੋਈ।

ਦੂਜੀ ਜਿਹੜੀ ਵੱਡੀ ਗੱਲ ਐ ਕਿ ਇਹ ਪੁਰਸਕਾਰ ਮੈਨੂੰ ਸਤਿਗੁਰੂ ਸੱਚੇ ਪਾਤਸ਼ਾਹ ਦੇ ਹੱਥੋਂ ਮਿਲਿਆ। ਜਦੋਂ ਵੀ ਮੇਰਾ ਖਿਆਲ ਕਦੀ ਭੈਣੀ ਸਾਹਿਬ ਵੱਲ ਜਾਂ ਸਤਿਗੁਰਾਂ ਵੱਲ ਜਾਂਦੈ ਤਾਂ ਪਹਿਲੇ ਸਤਿਗੁਰਾਂ ਵਲ ਧਿਆਨ ਚਲਾ ਜਾਂਦੈ। ਮੈਨੂੰ ਵੱਡੇ ਸਤਿਗੁਰੂ ਦੇ ਹੱਥੋਂ ਵੀ ਸਨਮਾਨ ਪ੍ਰਾਪਤ ਕਰਨ ਦਾ ਵੀ ਮੌਕਾ ਮਿਲਿਆ। ਉਹਨਾਂ ਨਾਲ ਉਹਨਾਂ ਦੇ ਬਚਨ ਬਿਲਾਸ ਸੁਣਨ ਦਾ ਮੌਕਾ ਮੈਨੂੰ ਦੋ ਤਿੰਨ ਵਾਰ ਮਿਲਿਆ। ਇਸ ਤਰਾਂ ਮੇਰਾ ਧਿਆਨ ਪਹੁੰਚਦਾ ਪਹੁੰਚਦਾ ਸਤਿਗੁਰੂ ਰਾਮ ਸਿੰਘ ਕੋਲ ਪਹੁੰਚਦੈ ਤਾਂ ਉਹਨਾਂ ਦੀ ਜਿਹੜੀ ਵਡਿਆਈ ਹੈ ਮਹਾਨਤਾ ਹੈ ਜਾ ਵਡੱਪਣ ਹੈ ਤਾਂ ਉਹਦੇ ਬਾਰੇ ਦੁਨੀਆਂ ਵਿੱਚ ਕੋਈ ਰੀਸ ਨਹੀਂ ਹੈ। ਉਹਨਾਂ ਬਾਰੇ ਮੈਂ ਆਪਣੀ ਪੁਸਤਕ ਵਿਚ ਵੀ ਲਿਖਿਆ ਹੈ, ਜਦੋਂ ਅੰਗਰੇਜ਼ਾਂ ਨੇ ਸਾਡੇ ਤੇ ਕਬਜ਼ਾ ਕੀਤਾ ਸਤਿਗੁਰੂ ਰਾਮ ਸਿੰਘ ਜੀ ਤੋਂ ਪਹਿਲਾਂ ਕੁਛ ਲੋਕਾਂ ਨੇ ਵਿਰੋਧ ਕੀਤਾ ਉਹਨਾਂ ਅੰਗਰੇਜ਼ਾਂ ਦਾ, ਪਰ ਇਹ ਲੋਕ ਸਨ ਸਾਰੇ ਜਿਨ੍ਹਾਂ ਦੀਆਂ ਰਿਆਸਤਾਂ ਖੁੱਸੀਆਂ ਸਨ, ਉਹ ਆਪਣੀਆਂ ਰਿਆਸਤਾਂ ਪ੍ਰਾਪਤੀ ਲਈ ਲੜੇ, ਉਹਨਾਂ ਦਾ ਉਦੇਸ਼ ਹਿਦੁਸਤਾਨ 'ਚੋਂ ਅੰਗਰੇਜ਼ਾਂ ਨੂੰ ਕੱਡਣਾ ਨਹੀਂ ਸੀ। ਪਹਿਲਾ ਹਿੰਦੁਸਤਾਨੀ ਆਗੂ ਜਿਨ੍ਹਾਂ ਨੇ ਬਿਨਾਂ ਕਿਸੇ ਆਪਣਾ ਕੁਛ ਖੁੱਸੇ ਤੋਂ ਬਿਨਾਂ ਆਪਣੀ ਕੋਈ ਰਿਆਸਤ ਗਿਆਂ, ਕੋਈ ਰਾਜ ਗਿਆ ਅੰਗਰੇਜ਼ਾਂ ਦਾ ਵਿਰੋਧ ਕੀਤਾ ਲੋਕਾਂ ਵਲੋਂ ਲੋਕਾਂ ਨੂੰ ਜੱਥੇਬੰਦ ਕੀਤਾ, ਬੜੀਆਂ ਕੁਰਬਾਨੀਆਂ ਦਿੱਤੀਆਂ, ਆਪ ਕਸ਼ਟ ਝੱਲੇ, ਆਪਣੇ ਅਨੇਕਾਂ ਸਿੱਖ ਕੁਰਬਾਨ ਕੀਤੇ। ਹਿੰਦੁਸਤਾਨ ਵਿੱਚ ਪਹਿਲੇ ਸਤਿਗੁਰੂ ਰਾਮ ਸਿੰਘ ਜੀ ਸਨ। ਜਿੰਨਾ ਨੇ ਜਨਤਕ ਤੌਰ ਤੇ ਅੰਗਰੇਜ਼ਾਂ ਦਾ ਵਿਰੋਧ ਕੀਤਾ। ਜਿਨੂੰ 1857 ਦੇ ਗ਼ਦਰ ਨੂੰ ਹਿੰਦੁਸਤਾਨ ਦੀ ਪਹਿਲੀ ਲੜਾਈ ਅਸੀ ਕਹਿੰਦੇ ਹਾਂ ਉਦੋ ਇਕ ਮਹੀਨਾ ਪਹਿਲਾਂ ਭੈਣੀ ਸਾਹਿਬ ਵਿੱਚ ਪਰਚਮ ਝੁਲਾ ਕੇ ਨਾਮਧਾਰੀ ਪੰਥ ਦੀ ਸਿਰਜਣਾ ਕੀਤੀ ਤੇ ਜਦੋਂ ਵੀ ਮੇਰੇ ਇਹਨਾਂ ਸਤਿਗੁਰਾਂ ਵੱਲ ਧਿਆਨ ਜਾਂਦੈ ਮੈਨੂੰ ਇਹਨਾਂ ਵਿੱਚੋ ਸਤਿਗੁਰੂ ਰਾਮ ਸਿੰਘ ਜੀ ਦੀ ਜੋਤ, ਉਹਨਾਂ ਦਾ ਨੂਰ ਦਿਖਾਈ ਦਿੰਦੈ, ਇਹਨਾਂ ਦੇ ਹੱਥੋਂ ਸਨਮਾਨਤ ਹੋਕੇ ਇਹ ਸਨਮਾਨ ਮੇਰੇ ਲਈ ਹੋਰ ਵੀ ਬਹੁਤ ਵੱਡਾ ਬਣ ਗਿਆ। ਇਹਨਾ ਸ਼ਬਦਾਂ ਨਾਲ ਮੈਂ ਆਪਦੀ ਗੱਲ ਸਮਾਪਤ ਕਰਦਾ। ਤੁਹਾਡਾ ਸਾਰਿਆਂ ਦਾ ਬਹੁਤ ਧੰਨਵਾਦ ਜਿੰਨਾ ਨੇ ਮੇਰਾ ਏਨਾ ਆਦਰ ਮਾਣ ਕੀਤਾ।

**ਸੂਬਾ ਬਲਵਿੰਦਰ ਸਿੰਘ ਝੱਲ**

## ਅਮਰੀਕਾ ਦੌਰਾ

ਨਿਊਯਾਰਕ- 6 ਜੁਲਾਈ 2025 ਸ੍ਰੀ ਸਤਿਗੁਰੂ ਜੀ ਇੰਡੀਆ ਤੋਂ ਚੱਲ ਕੇ ਐਤਵਾਰ ਸ਼ਾਮੀ 7:45 ਤੇ ਨਿਊਯਾਰਕ ਏਅਰਪੋਰਟ ਪੁੱਜੇ। ਅਮਰੀਕਾ ਦੀ ਸਾਧ ਸੰਗਤ ਵੱਡੀ ਗਿਣਤੀ ਵਿਚ ਸਤਿਗੁਰੂ ਜੀ ਦੇ ਸਵਾਗਤ ਲਈ ਆਈ ਹੋਈ ਸੀ। ਸਭ ਨੇ ਚਰਨ ਪਰਸੇ ਖੁਸ਼ੀਆਂ ਲਈਆਂ। ਏਅਰਪੋਰਟ ਤੋਂ ਚੱਲ ਸਤਿਗੁਰੂ ਜੀ ਦੇ ਕਾਫਲੇ ਦੀਆਂ ਗੱਡੀਆਂ ਸੇਵਕ ਸੁਖਦੇਵ ਸਿੰਘ ਦੇ ਘਰ ਪੁੱਜੇ। ਇਥੇ ਹੀ ਰਾਤ ਅਰਾਮ ਕੀਤਾ ਸਵੇਰ ਦੀ ਆਸਾ ਦੀ ਵਾਰ ਦਾ ਕੀਰਤਨ ਅਮਰੀਕ ਸਿੰਘ ਦੇ

ਸਾਥੀਆਂ ਨੇ ਚਾਰ ਤੋਂ ਛੇ ਵਜੇ ਤੱਕ ਕੀਤਾ। ਵਾਰ ਤੋਂ ਬਾਅਦ ਗੁਰਪਿੰਦਰ ਸਿੰਘ ਦੇ ਘਰ ਪ੍ਰਸ਼ਾਦ ਛਕਿਆ। ਦੁਪਹਿਰ ਨੂੰ Mooric park at beach ਨਾਮ ਦੀ ਪਾਰਕ ਵਿਚ ਸੈਰ ਕਰਨ ਦਾ ਪ੍ਰੋਗਰਾਮ ਸੀ। ਸਾਰੀ ਸੰਗਤ ਨਾਲ ਇਥੇ ਸਤਿਗੁਰੂ ਜੀ ਨੇ ਸੈਰ ਕੀਤੀ, ਬਚਨ ਬਿਲਾਸ ਕੀਤੇ। ਉਪਰੰਤ ਫਿਰ ਸ. ਅਮੋਲਕ ਸਿੰਘ, ਡਾ. ਅਮਨਪ੍ਰੀਤ ਸਿੰਘ ਘਰ ਚਰਨ ਪਾਏ। ਸ਼ਾਮ ਦਾ ਪ੍ਰੋਗਰਾਮ ਵਿਚ ਕੀਰਤਨ ਗਿਆਨ ਸਿੰਘ, ਬ੍ਰਹਮ ਕੌਰ ਨੇ ਕੀਤਾ। ਅਮਰ ਕੌਰ ਸ਼ਬਦ ਪੜ੍ਹਿਆ। ਸ਼ਾਮ ਦਾ ਪ੍ਰਸ਼ਾਦ ਪਾਣੀ ਸੁਦਰਸ਼ਨ ਸਿੰਘ ਘਰ ਛਕਿਆ। ਇਥੇ ਹੀ ਜਥੇਦਾਰ ਗੁਰਲਾਲ ਸਿੰਘ ਨੇ ਦੀਵਾਨ ਸਜਾਇਆ, ਨਿਤਨੇਮ ਹੋਇਆ। 8 ਜੁਲਾਈ ਨੂੰ ਆਸਾ ਦੀ ਵਾਰ ਤੋਂ ਬਾਅਦ 5 ਪਾਠਾਂ ਦੇ ਭੋਗ ਪਾਏ ਗਏ ਇਹ ਪਾਠ ਬੀਬੀਆਂ ਵੱਲੋਂ ਕੀਤੇ ਪਾਠ ਦੇ ਭੋਗ ਪੁਆਏ। ਉਪਰੰਤ ਸੰਤ ਰਮਣੀਖ ਸਿੰਘ ਬਾਂਸਲ ਪੁੱਤਰ ਰਣਧੀਰ ਸਿੰਘ ਘਰ ਪ੍ਰਸ਼ਾਦਾ ਪਾਣੀ ਛੱਕਿਆ। ਪਰਮਿੰਦਰ ਸਿੰਘ, ਸੁਰਿੰਦਰ ਸਿੰਘ ਘਰ ਚਰਨ ਪਾਏ। ਸ਼ਾਮ ਨੂੰ ਗੁਰਦੀਪ ਸਿੰਘ ਪੁੱਤਰ ਰਣਧੀਰ ਸਿੰਘ ਘਰ ਪ੍ਰਸ਼ਾਦ ਛਕਿਆ। 9 ਜੁਲਾਈ ਨੂੰ ਆਸਾ ਦੀ ਵਾਰ ਤੋਂ ਬਾਅਦ ਗੱਡੀਆਂ ਰਾਹੀਂ ਟਰਾਟੋਂ ਵੱਲ ਚਾਲੇ ਪਾਏ।

**ਅਨਮੋਲਕ ਸਿੰਘ**

.....................................................

## ਦੁਬਈ, ਮਿੱਤਲ ਪਰਿਵਾਰ ਦੇ ਗ੍ਰਹਿ ਵਿਖੇ ਇਕ ਚੌਂਕੜੇ ਅਖੰਡ ਪਾਠ

ਦੁਬਈ ਦੇਸ਼ ਵਿੱਚ ਨਿਵਾਸ ਕਰ ਰਹੇ ਸ੍ਰੀ ਤਰਸੇਮ ਚੰਦ ਮਿੱਤਲ ਅਤੇ ਉਹਨਾਂ ਦੇ ਸਪੁੱਤਰ ਸ੍ਰੀ ਅਰਵਿੰਦ ਮਿੱਤਲ ਅਤੇ ਸੂਬਾ ਅਤੁਲ ਮਿੱਤਲ ਜੀ ਦਾ ਪਰਿਵਾਰ ਨਾਮਧਾਰੀ ਪੰਥ ਵਿਚ ਕਿਸੇ ਵੀ ਜਾਣ ਪਹਿਚਾਣ ਦਾ ਮੁਥਾਜ ਹੀਂ ਹੈ ਕਿਉਂਕਿ ਆਪਣੇ ਪੁਰਖਿਆਂ ਤੋਂ ਲੈ ਕੇ ਜਿਹਨਾਂ ਦਾ ਨਾਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਵਿੱਤਰ ਉਪਦੇਸ਼ ਵਿਚ ਆਉਂਦਾ ਹੈ ਕਿ ਸ੍ਰੀ ਬੀਰ ਚੰਦ ਅਤੇ ਬੁੱਧ ਲਾਲ ਜੀ ਜੋ ਅੱਠ-ਅੱਠ ਘੰਟੇ ਨਾਮ ਸਿਮਰਨ ਕਰਦੇ ਸਨ ਜੋ ਦਾਤ ਉਹਨਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਘਰ ਤੋਂ ਪ੍ਰਾਪਤ ਕੀਤੀ ਅਤੇ ਫਿਰ ਉਸ ਦੀ ਕਮਾਈ ਕੀਤੀ ਉਸੇ ਆਪਣੇ ਪੁਰਖਿਆ ਦੀ ਪ੍ਰੰਪਰਾ ਨੂੰ ਸੰਭਾਲੀ ਬੈਠਾ ਇਹ ਪਰਿਵਾਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਨਾਲ ਸੇਵਾ ਅਤੇ ਸਿਮਰਨ ਦੀ ਉਸ ਦਾਤ ਨੂੰ ਆਪਣੇ ਪੁਰਖਿਆ ਵਾਂਗ ਅੱਜ ਵੀ ਸੰਭਾਲੀ ਬੈਠਾ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਪਰਿਵਾਰ ਦੇ ਨੌਜਵਾਨ ਅਤੁਲ ਮਿੱਤਲ ਜੀ ਨੂੰ ਨਾਮਧਾਰੀ ਪੰਥ ਦੀ ਸਤਿਕਾਰ ਯੋਗ ਪਦਵੀ ਸੂਬਾ ਪਦਵੀ ਨਾਲ ਨਿਵਾਜਿਆ ਹੋਇਆ ਹੈ ਅਤੇ ਉਹਨਾਂ ਦਾ ਦੁਨਿਆਵੀ ਸਬੰਧ ਵੀ ਨਾਮਧਾਰੀ ਮਰਿਯਾਦਾ ਵਿਚ ਪ੍ਰਪੱਕ ਪਰਿਵਾਰ ਸੂਬਾ ਸੁਖਦੇਵ ਸਿੰਘ ਬਾਲੀ ਨਗਰ ਦਿੱਲੀ ਦੀ ਸਪੁੱਤਰੀ ਬੀਬੀ ਕਮਲਜੀਤ ਕੌਰ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤਾ ਹੈ। ਸ੍ਰੀ ਭੈਣੀ ਸਾਹਿਬ ਦੀ ਤਪੋ ਭੂਮੀ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਬਾਬਾ ਗਜਾ ਸਿੰਘ ਕਾਲਝਰਾਣੀ (ਬਠਿੰਡਾ) ਇਕ ਚੌਂਕੜੇ ਵਿੱਚ ਪਵਿੱਤਰ ਗੁਰਬਾਣੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇੱਕ ਚੌਂਕੜੇ ਅਖੰਡ ਪਾਠ ਕਰਨ ਸਮੇਂ ਸੂਬਾ ਅਤੁੱਲ ਜੀ ਨੇ ਵੀ ਇਹ ਇੱਛਾ ਜਾਹਿਰ ਕੀਤੀ ਕਿ ਸਤਿਗੁਰੂ ਜੀ ਦੀ ਕਿਰਪਾ ਨਾਲ ਹੋ ਸਕੇ ਤਾਂ ਇਸ ਤਰ੍ਹਾਂ ਹੀ ਅਖੰਡ ਪਾਠ ਉਹਨਾਂ ਦੇ ਗ੍ਰਹਿ ਦੁਬਈ ਵਿਖੇ ਵੀ ਕੀਤਾ ਜਾਵੇ। ਸ੍ਰੀ ਸਤਿਗੁਰੂ ਜੀ ਤੋਂ ਆਗਿਆ ਅਤੇ ਪ੍ਰਵਾਨਗੀ ਲੈ ਕੇ ਇਸ ਸਾਰੇ ਪ੍ਰੋਗਰਾਮ ਦੀ ਰੂਪ ਰੇਖਾ ਤਿਆਰ ਕੀਤੀ ਗਈ ਅਤੇ ਇਹ ਅਖੰਡ ਪਾਠ ਮਿਤੀ 7 ਅਗਸਤ 2025 ਤੋਂ 9 ਅਗਸਤ 2025 ਦਿਨ ਸ਼ਨੀਵਾਰ ਤੱਕ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ। ਬਾਬਾ ਰਾਜਾ ਸਿੰਘ, ਸ. ਜੱਗਾ, ਪ੍ਰਤਾਪ ਸਿੰਘ ਨੇ ਪਹਿਲਾਂ ਪਹੁੰਚ ਕੇ ਪੂਰੀ ਤਿਆਰੀ ਕੀਤੀ ਗਈ। ਇਸ ਯੋਗ ਸਾਧਨਾ ਲਈ ਆਪਣੇ ਆਪ ਨੂੰ ਤਿਆਰ ਕੀਤਾ। ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸੂਬਾ ਹਰਜੀਤ ਸਿੰਘ ਮੁਠੱਡਾ ਸ. ਜਗਬੀਰ ਸਿੰਘ ਅੱਟੀ, ਸ. ਅਵਤਾਰ ਸਿੰਘ, ਸ. ਗੁਰਮੀਤ ਸਿੰਘ ਗੋਰਾਇਆ, ਗੁਰਦੇਵ ਸਿੰਘ ਚੀਮਾ ਅਤੇ ਸੂਬਾ ਬਲਵਿੰਦਰ ਸਿੰਘ ਝੱਲ ਇਸ ਕਾਰਜ ਦੀ ਸਹਾਇਤਾ ਲਈ ਮਿਤੀ 5 ਅਗਸਤ ਨੂੰ ਚੰਡੀਗੜ੍ਹ ਤੋਂ ਹਵਾਈ ਸਫਰ ਰਾਹੀ ਦੁਬਈ ਸੂਬਾ ਅਤੁੱਲ ਜੀ ਦੇ ਗ੍ਰਹਿ ਵਿਖੇ ਪਹੁੰਚ ਗਏ। ਸ਼ੋਧ ਦੇ ਜਲ ਦਾ ਪ੍ਰਬੰਧ ਕਰਕੇ ਵਿਧੀ ਪੂਰਵਕ ਮਰਿਯਾਦਾ ਅਨੁਸਾਰ ਮਿਤੀ 6 ਅਗਸਤ ਨੂੰ ਅੰਮ੍ਰਿਤ ਤਿਆਰ ਕਰਕੇ ਸਾਰੇ ਸ਼ੋਧ ਮਰਿਯਾਦਾ ਦੇ ਧਾਰਨੀ ਹੋ ਕੇ ਇਕ ਹਵਨ ਮਰਿਯਾਦਾ ਅਨੁਸਾਰ ਕੀਤਾ ਗਿਆ ਇਸ ਸਾਰੇ ਕਾਰਜ ਦੀ ਸਫਲਤਾ ਲਈ ਮਿਤੀ 7 ਅਗਸਤ ਨੂੰ ਅਖੰਡ ਪਾਠ ਅਰੰਭ ਕੀਤਾ ਗਿਆ। ਇਸ ਵਿਚ ਲਾਂਗਰੀ ਪ੍ਰਿਤਪਾਲ ਸਿੰਘ ਲਾਡੀ ਦਾ ਵਿਸ਼ੇਸ਼ ਯੋਗਦਾਨ ਸੀ ਜੋ ਉਚੇਚੇ ਤੌਰ ਤੇ ਤਨਜਾਨੀਆਂ ਤੋਂ ਆਇਆ ਸੀ।

**7 ਅਗਸਤ** ਨੂੰ ਸਵੇਰੇ 10 ਵੱਜ ਕੇ 10 ਮਿੰਟ ਤੇ ਅਖੰਡ ਪਾਠ ਦੀ ਅਰੰਭਤਾ ਹੋਈ ਦੁਬਈ ਦੀ ਗੈਰ ਨਾਮਧਾਰੀ ਸੰਗਤ ਵੀ ਅਰੰਭ ਸਮੇਂ ਹਾਜਰ ਸੀ। ਧੂਪੀਏ ਦੀ ਸੇਵਾ ਲਈ ਸ੍ਰੀ ਭੈਣੀ ਸਾਹਿਬ ਤੋਂ ਗਏ ਜਥੇ ਦੇ ਨਾਲ-ਨਾਲ ਸਥਾਨਕ ਨੌਜਵਾਨ ਗੰਗਾ ਸਿੰਘ, ਗਿਆਨ ਸਿੰਘ ਸਪੁੱਤਰ ਗੁਰਮੁਖ

ਸਿੰਘ ਬੋਬੀ ਨੇ ਵੀ ਯੋਗਦਾਨ ਪਾਇਆ। ਅਖੰਡ ਪਾਠ ਦੇ ਯੋਗ ਸਮਾਗਮ ਸਮੇਂ ਦੁਬਈ ਦੀ ਸਾਧ ਸੰਗਤ ਅਤੇ ਗੈਰ ਨਾਮਧਾਰੀ ਸਮਾਜ ਦੇ ਲੋਕ ਵੀ ਵੱਡੀ ਗਿਣਤੀ ਵਿਚ ਸ਼ਾਮਲ ਹੋਏ ਭੋਗ ਸਮਾਗਮ ਸਮੇਂ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਬਸੰਤ ਸਿੰਘ ਪੁੱਤਰ ਬਲਵੰਤ ਸਿੰਘ ਰਾਗੀ ਜੋ ਉਚੇਚੇ ਤੌਰ ਤੇ ਇਸ ਸਮਾਗਮ ਲਈ ਪਹੁੰਚੇ ਹੋਏ ਸਨ ਜੋ ਗੁਰਬਾਣੀ ਦਾ ਕੀਰਤਨ ਕੀਤਾ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਬਦ ਸੀ- "ਗੁਰੂ ਗੁਰੂ ਗੁਰੂ ਕਰਿ ਮਨ ਮੋਰ, ਗੁਰੂ ਬਿਨਾ ਮੈ ਨਾਹੀ ਹੋਰ॥" ਗੁਰਬਾਣੀ ਦੇ ਕੀਰਤਨ ਦੁਆਰਾ ਸਮਾਪਤੀ ਸਮਾਗਮ ਹੋਰ ਰੌਚਕ ਬਣ ਗਿਆ। ਸਭਨਾ ਨੇ ਬਾਬਾ ਰਾਜਾ ਸਿੰਘ ਦੀ ਇਕ ਚੌਕੜੇ ਅਖੰਡ ਪਾਠ 47 ਘੰਟਿਆਂ ਵਿਚ ਕੀਤੀ। ਕਠਣ ਤਪੱਸਿਆ ਦੀ ਸਭਨਾ ਨੇ ਸਲਾਘਾ ਕੀਤੀ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਸ਼ੁਕਰਾਨਾ ਕੀਤਾ ਜਿਹਨਾਂ ਦੀ ਕਿਰਪਾ ਨਾਲ ਇਹ ਸਾਰਾ ਕਾਰਜ ਨੇਪਰੇ ਚੜਿਆ ਹੈ। ਸਮਾਪਤੀ ਸਮਾਗਮ ਸਮੇਂ ਸੂਬਾ ਅਤੁਲ ਮਿੱਤਲ ਜੀ ਦੇ ਪਰਮ ਮਿੱਤਰ ਅਤੇ ਗੁਆਂਢੀ ਸ. ਰਛਪਾਲ ਸਿੰਘ ਨੇ ਸਾਰੀ ਸੰਗਤ ਦਾ ਧੰਨਵਾਦ ਕੀਤਾ। ਸੂਬਾ ਬਲਵਿੰਦਰ ਸਿੰਘ ਪ੍ਰਧਾਨ ਨਾਮਧਾਰੀ ਦਰਬਾਰ ਨੇ ਕੁਝ ਸ਼ਬਦ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਸੁਕਰਾਨੇ ਅਤੇ ਸਭਨਾ ਦੇ ਧੰਨਵਾਦ ਲਈ ਆਖੇ ਜਿਹਨਾਂ-ਜਿਹਨਾਂ ਨੂੰ ਇਸ ਮਹਾਨ ਕਾਰਜ ਵਿਚ ਆਪਣਾ-ਆਪਣਾ ਯੋਗਦਾਨ ਪਾਇਆ ਹੈ। ਜਿਹਨਾਂ ਵਿਚ ਵਿਸ਼ੇਸ਼ ਕਰਕੇ ਨੌਜਵਾਨ ਹਰਪਾਲ ਸਿੰਘ ਬਰਨਾਲਾ, ਦਵਿੰਦਰ ਸਿੰਘ ਸੋਨੂੰ ਜਲੰਧਰ, ਬਲਜਿੰਦਰ ਸਿੰਘ ਜਲੰਧਰ, ਦਵਿੰਦਰ ਸਿੰਘ ਫਗਵਾੜਾ, ਜਗਜੀਤ ਸਿੰਘ ਪੁੱਤਰ ਸ. ਗੁਰਚਰਨ ਸਿੰਘ ਦੁਬਈ ਅਤੇ ਸ. ਮੱਖਣ ਸਿੰਘ ਬਾਬਾ ਰੋੜ ਵਾਲਿਆਂ ਨੇ ਵੱਧ ਚੜ ਕੇ ਸੇਵਾ ਕੀਤੀ।

**ਮਿਤੀ 10 ਅਗਸਤ 2025 ਦਿਨ ਐਤਵਾਰ** ਨੂੰ ਸੂਬਾ ਅਤੁਲ ਜੀ ਦੇ ਬਣਾਏ ਹੋਏ ਪ੍ਰੋਗਰਾਮ ਦੇ ਮੁਤਾਬਿਕ ਸਿੰਘਾਂ ਵਲੋਂ 2 ਚੋਪਈ ਦੀਆਂ ਵਰਨੀਆਂ ਗੁਰ ਮਰਿਯਾਦਾ ਅਨੁਸਾਰ ਕੀਤੀਆਂ ਗਈਆਂ ਅਤੇ ਬੀਬੀਆਂ ਦੇ ਜੱਥੇ ਵੱਲੋਂ 2 ਹਵਨ ਕੀਤੇ ਗਏ। ਬੀਬੀਆਂ ਵਿਚ ਬੀਬੀ ਰੇਸ਼ਮ ਕੌਰ, ਮਨਪ੍ਰੀਤ ਕੌਰ, ਤੇਜੱਸਵੀ ਮਨਚੰਦਾ, ਗੁਰਦੇਵ ਕੌਰ, ਸੁਰਿੰਦਰ ਕੌਰ, ਤਰਵਿੰਦਰ ਕੌਰ, ਕਵਲਜੀਤ ਕੌਰ ਮਸਕਟ ਅਤੇ ਬਲਵਿੰਦਰ ਕੌਰ ਨੇ ਬੜੇ ਉਤਸ਼ਾਹ ਅਤੇ ਚਾਅ ਨਾਲ ਹਵਨ ਦਾ ਕਾਰਜ ਕੀਤਾ। ਸੂਬਾ ਅਤੁਲ ਜੀ ਦੇ ਪਿਤਾ ਸ੍ਰੀ ਤਰਸੇਮ ਚੰਦ ਜੀ, ਆਸਾ ਮਿੱਤਲ ਪੁੱਤਰ ਅਰਵਿੰਦਰ ਮਿੱਤਲ ਦਿੱਲੀ ਤੋਂ ਸ. ਸੁਲੱਖਣ ਸਿੰਘ ਪੁੱਤਰ ਸੂਬਾ ਸੁਖਦੇਵ ਸਿੰਘ, ਬੀਬੀ ਸੁਰਿੰਦਰ ਕੌਰ ਪਤਨੀ ਸ. ਸੁਲੱਖਣ ਸਿੰਘ ਅਤੇ ਕਾਕਾ ਰਮਨੀਕ ਸਿੰਘ ਪੁੱਤਰ ਸੁਲੱਖਣ ਸਿੰਘ ਦਿੱਲੀ ਨੇ ਪਰਿਵਾਰ ਵਾਂਗ ਅੱਗੇ ਹੋ ਕੇ ਸੇਵਾ ਵਿੱਚ ਆਪਣਾ ਯੋਗਦਾਨ ਪਾਇਆ।

ਮਿਤੀ 10 ਅਗਸਤ ਸ਼ਾਮ ਨੂੰ ਸਵਾਮੀ ਨਰਾਇਣ ਸੰਸਥਾ ਦੇ ਮੰਦਰ ਦੇ ਦਰਸ਼ਨ ਕਰਨ ਦਾ ਪ੍ਰੋਗਰਾਮ ਸੂਬਾ ਅਤੁਲ ਜੀ ਨੇ ਬਣਾਇਆ ਅਤੇ ਭਾਰਤੀ ਪ੍ਰੰਪਰਾ ਅਤੇ ਕਲਾ ਦਾ ਸੁਮੇਲ ਅਦਭੁੱਤ ਮੰਦਰ ਵੇਖਣ ਦਾ ਅਨੰਦ ਮਾਣਿਆ ਸ਼ਾਮ ਦਾ ਨਾਮ ਸਿਮਰਨ ਸ. ਗੁਰਚਰਨ ਸਿੰਘ ਸ਼ਾਹਪੁਰ ਵਾਲਿਆਂ ਦੇ ਗ੍ਰਹਿ ਵਿਖੇ 8 ਤੋਂ 9 ਵਜੇ ਤੱਕ ਹੋਇਆ।

ਇਸ ਉਪਰੰਤ ਹਜ਼ੂਰੀ ਰਾਗੀ ਜੱਥੇ ਵੱਲੋਂ ਗੁਰਬਾਣੀ ਦਾ ਕੀਰਤਨ ਅਤੇ ਇੱਕ ਗੀਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਸਤਤ ਵਿੱਚ ਗਾਇਆ ਗਿਆ। ਸ. ਗੁਰਚਰਨ ਸਿੰਘ ਦੇ ਪਰਿਵਾਰ ਸਮੇਤ ਸਪੁੱਤਰ ਜਗਜੀਤ ਸਿੰਘ ਨੇ ਆਈ ਸਾਧ ਸੰਗਤ ਦੀ ਸੇਵਾ ਲੰਗਰ ਪਾਣੀ ਛਕਾ ਕੇ ਕੀਤੀ। ਮਿਤੀ 11 ਅਗਸਤ ਦਿਨ ਸੋਮਵਾਰ ਸਵੇਰੇ ਸੂਬਾ ਅਤੁਲ ਜੀ ਦੀ ਅਗਵਾਈ ਵਿੱਚ ਹਵਨ ਸ. ਗੁਰਮੁੱਖ ਸਿੰਘ ਬੋਬੀ ਦੇ ਗ੍ਰਹਿ ਵਿਖੇ ਕੀਤਾ ਗਿਆ।

ਅੱਜ ਸਭਨਾ ਦਾ ਪ੍ਰੋਗਰਾਮ ਸੰਸਾਰ ਪ੍ਰਸਿੱਧ ਅਦਭੁੱਤ ਅਜੂਬਾ ਜੋ ਦੁਬਈ ਦਾ ਮਸ਼ਹੂਰ ਹੈ 'ਬੁਰਜ ਖਲੀਫਾ' ਵੇਖਣ ਦਾ ਪ੍ਰੋਗਰਾਮ ਸੀ। ਸ੍ਰੀ ਤਰਸੇਮ ਚੰਦ ਜੀ ਅਤੇ ਸੂਬਾ ਅਤੁਲ ਜੀ ਦਾ ਸਮੁੱਚਾ ਪਰਿਵਾਰ ਅਤੇ ਸਾਰੀ ਸੰਗਤ ਨੇ ਇਸ ਅਜੂਬੇ ਨੂੰ ਵੇਖਣ ਲਈ ਤਿਆਰੀ ਕੀਤੀ। 165 ਮੰਜਲਾਂ ਦੁਨੀਆਂ ਦੀ ਸਭ ਤੋਂ ਉੱਚੀ ਇਮਾਰਤ ਦੀਆਂ 125 ਮੰਜਿਲਾਂ ਹੀ ਵੇਖਣ ਦੀ ਇਜਾਜਤ ਸੀ। ਸਭਨਾ ਨੇ ਇਸ ਪ੍ਰੋਗਰਾਮ ਦਾ ਭਰਭੂਰ ਅਨੰਦ ਮਾਣਿਆ। ਸ਼ਾਮ ਨੂੰ ਸਭ ਦਾ ਪ੍ਰੋਗਰਾਮ ਸਮੁੰਦਰ ਵਿੱਚ ਬਣੇ ਰਹਾਇਸੀ ਇਲਾਕੇ ਪਾਮ ਸਿਟੀ ਸਮੇਤ ਇਕ ਕਿਸ਼ਤੀ ਵਿੱਚ ਸਵਾਰ ਹੋ ਕੇ ਵੇਖਣ ਦਾ ਪ੍ਰੋਗਰਾਮ ਸੀ। ਸਾਰੀ ਸੰਗਤ ਨੇ ਇੱਕ ਕਿਸ਼ਤੀ ਵਿੱਚ ਸਵਾਰ ਹੋ ਕੇ ਦੁਬਈ ਦੀਆਂ ਜਗ-ਮਗਾਉਂਦੀਆਂ ਇਮਾਰਤ ਜੋ ਅਸਮਾਨ ਨੂੰ ਛੂਹਣ ਤੱਕ ਜਾਂਦੀਆਂ ਸਨ। ਇਸ ਨਜਾਰੇ ਦਾ ਅਨੰਦ ਵੇਖ ਕੇ ਰੂਪ ਵਿਚ ਹੀ ਮਾਣਿਆ ਕਿਸਤੀ ਵਿਚੋ ਹੀ ਰਾਗੀ ਬਲਵੰਤ ਸਿੰਘ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਸਤਤ ਵਿਚ ਗੀਤ ਗਾਏ। ਸੂਬਾ ਬਲਵਿੰਦਰ ਸਿੰਘ ਝੱਲ ਨੇ ਸਭ ਦਾ ਧੰਨਵਾਦ ਕੀਤਾ। ਕਿਸ਼ਤੀ ਵਿੱਚ ਹੀ ਲੰਗਰ ਦਾ ਪ੍ਰਬੰਧ ਕੀਤਾ ਗਿਆ ਜੋ ਸਭ ਨੇ ਛਕਿਆ। ਫੋਟੋਗ੍ਰਾਫਰ ਸੂਰਤਪਾਲ ਸਿੰਘ ਨੇ ਯਾਦਗਾਰੀ ਪਲਾ ਨੂੰ ਕੈਮਰੇ ਵਿੱਚ ਕੈਦ ਕੀਤਾ। ਇਸ ਤਰ੍ਹਾਂ ਇਹ ਪ੍ਰੋਗਰਾਮ ਯਾਦਗਾਰੀ ਬਣ ਗਿਆ। 12 ਅਗਸਤ ਨੂੰ ਸਭ ਦੀ ਵਤਨ ਵਾਪਸੀ ਹੋਈ।

**ਸੂਬਾ ਬਲਵਿੰਦਰ ਸਿੰਘ ਝੱਲ**

## ਜ਼ਿਲ੍ਹਾ ਕਪੂਰਥਲਾ ਦੇ ਹਲਕਾਂ ਸੁਲਤਾਨਪੁਰ ਲੋਧੀ ਦੇ ਹੜ੍ਹ ਮਾਰੇ ਇਲਾਕਿਆਂ ਦਾ ਸ੍ਰੀ ਸਤਿਗੁਰੂ ਜੀ ਵੱਲੋਂ ਦੌਰਾ

ਪਿਛਲੇ ਦਿਨਾਂ ਤੋਂ ਲਗਾਤਾਰ ਨਿਰੰਤਰ ਪਹਾੜੀ ਇਲਾਕਿਆਂ ਵਿਚ ਹੋ ਰਹੀ ਭਾਰੀ ਬਾਰਸ਼ ਦਾ ਅਸਰ ਪੰਜਾਬ ਦੇ ਮੈਦਾਨੀ ਇਲਾਕਿਆਂ ਵਿਚ ਭਾਰੀ ਤਬਾਹੀ ਦੇ ਰੂਪ ਵਿਚ ਵੇਖਣ ਨੂੰ ਮਿਲਿਆ। ਖਾਸ ਕਰਕੇ ਮਾਝੇ ਅਤੇ ਦੁਆਬਾਂ ਖੇਤਰ ਵਿਚ ਬਿਆਸ ਅਤੇ ਰਾਵੀ ਦਰਿਆਵਾਂ ਦਾ ਪਾਣੀ ਕਿਸਾਨਾਂ ਲਈ ਆਫਤ ਬਣ ਕੇ ਆਇਆ ਨਾਮਧਾਰੀ ਪੰਥ ਦੇ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ **ਮਿਤੀ 30 ਅਗਸਤ 2025 ਦਿਨ ਸ਼ਨੀਵਾਰ** ਨੂੰ ਸਵੇਰੇ ਸ੍ਰੀ ਭੈਣੀ ਸਾਹਿਬ ਤੋਂ ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਸਾਧ ਸੰਗਤ ਅਤੇ ਹੜ ਪ੍ਰਭਾਵਿਤ ਇਲਾਕਿਆਂ ਵਿਚ ਕਿਸਾਨਾਂ ਦੀ ਸਾਰ ਲੈਣ ਲਈ ਚਾਲੇ ਪਾਏ। ਵਾਇਆ ਲੁਧਿਆਣਾ, ਜਲੰਧਰ, ਕਪੂਰਥਲਾ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਸੁਲਤਾਨਪੁਰ ਲੋਧੀ ਵਿਖੇ ਸ. ਨਵਤੇਜ ਸਿੰਘ ਚੀਮਾਂ ਸਾਬਕਾਂ ਐਮ.ਐਲ.ਏ ਦੇ ਗ੍ਰਹਿ ਵਿਖੇ ਸਾਧ ਸੰਗਤ ਨੂੰ ਮਿਲ ਕੇ ਦਰਸ਼ਨ ਮੇਲੇ ਕਰਨ ਉਪਰੰਤ ਬਿਆਸ ਦਰਿਆ ਦੀ ਮਾਰ ਹੇਠ ਆਏ ਪਿੰਡਾਂ ਵੱਲ ਚਾਲੇ ਪਾਏ। ਪਿੰਡ ਲੱਖ ਵਰਿਆਹ ਤੋਂ ਹੁੰਦੇ ਹੋਏ ਜਦੋਂ ਬਿਆਸ ਦਰਿਆ ਦੇ ਮੇਨ ਬੰਨ ਉਪਰ ਚੜੇ ਤਾਂ ਵੇਖਿਆ ਕਿ ਦਰਿਆ ਦਾ ਪਾਣੀ ਆਪਣੇ ਕੰਡਿਆਂ ਨੂੰ ਤੋੜ ਕੇ ਕਿਸਾਨਾਂ ਦੀ ਮਿਹਨਤ ਨਾਲ ਕੀਤੀ ਹੋਈ ਫਸਲ ਨੂੰ ਲਤਾੜਦਾ ਹੋਇਆ ਕਈ ਮੀਲਾਂ ਤੱਕ ਖੁੱਲ-ਮਖੁੱਲ ਫਿਰ ਰਿਹਾ ਸੀ। ਪਿੰਡਾਂ ਦੇ ਲੋਕਾਂ ਦੇ ਹਰ ਵਸੀਲੇ ਵਰਤਣ ਤੋਂ ਬਾਅਦ ਦੀ ਬੰਨ ਨੂੰ ਤੋੜ ਕੇ ਪਾਣੀ ਆਪੇ ਤੋਂ ਬਾਹਰ ਸੀ। ਸ੍ਰੀ ਸਤਿਗੁਰੂ ਜੀ ਜਿਸ ਗੱਡੀ ਵਿਚ ਸਵਾਰ ਸਨ ਉਸ ਨੂੰ ਸ. ਨਵਤੇਜ ਸਿੰਘ ਚੀਮਾਂ ਚਲਾ ਰਿਹਾ ਸੀ। ਬਿਆਸ ਦਰਿਆ ਦੇ ਬੰਨ ਤੇ ਸਫਰ ਕਰਕੇ ਪਿੰਡ ਆਹਲੀ ਕਲਾਂ ਪਹੁੰਚੇ ਜਿਥੇ ਦਰਿਆ ਦੇ ਕੰਡੇ ਖਲੋਤੇ ਹੋਏ ਕਿਸਾਨਾਂ ਦੇ ਚੇਹਰਿਆਂ ਤੇ ਉਦਾਸੀ ਅਤੇ ਬੇਵੱਸੀ। ਨੁਕਸਾਨ ਨੂੰ ਬਿਆਨ ਕਰ ਰਹੀ ਸੀ। ਸ੍ਰੀ ਸਤਿਗੁਰੂ ਜੀ ਨੇ ਕਿਸਾਨਾਂ ਨੂੰ ਅਤੇ ਪਿੰਡ ਵਾਸੀਆਂ ਨੂੰ ਮਿਲ ਕੇ ਇਸ ਦੁੱਖ ਦੀ ਘੜੀ ਵਿਚ ਹਰ ਤਰ੍ਹਾਂ ਦੀ ਮੱਦਦ ਦਾ ਭਰੋਸਾ ਦਿਵਾਇਆ ਅਤੇ ਸਮੇਂ-ਸਮੇਂ ਦੀਆਂ ਸਰਕਾਰਾਂ ਵਲੋਂ ਦਿਖਾਈ ਗਈ ਅਣਗਹਿਲੀ ਦੀ ਗੱਲ ਵੀ ਕੀਤੀ। ਪਿੰਡ ਆਹਲੀਕਲਾਂ ਦੇ ਸਰਪੰਚ ਸ. ਸ਼ਮਿੰਦਰ ਸਿੰਘ ਅਤੇ ਸ. ਗੁਰਜੰਟ ਸਿੰਘ ਸੰਧੂ ਨੇ ਸ੍ਰੀ ਸਤਿਗੁਰੂ ਜੀ ਏਥੇ ਆਉਣ ਅਤੇ ਦੁੱਖ ਦੀ ਘੜੀ ਹਾਲ-ਚਾਲ ਪੁੱਛਣ ਤੇ ਸ੍ਰੀ ਸਤਿਗੁਰੂ ਜੀ ਦਾ ਧੰਨਵਾਦ ਕੀਤਾ ਅਤੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦਾ ਲੋਈ ਅਤੇ ਸਿਰੋਪਾਉ ਭੇਟ ਕਰਕੇ ਸਨਮਾਨ ਵੀ ਕੀਤਾ। ਏਥੋਂ ਹੀ ਸ੍ਰੀ ਸਤਿਗੁਰੂ ਜੀ ਦਰਿਆ ਦੇ ਬੰਨ ਤੇ ਸਫਰ ਕਰਕੇ ਪਿੰਡ ਬਾਉਪਰ ਵਿਖੇ ਪੁਲ ਤੇ ਬਣੇ ਰਾਹਤ ਕੈਂਪਾਂ ਵਿਚ ਵੀ ਲੋਕਾਂ ਨੂੰ ਮਿਲੇ ਪਿੰਡ ਬਾਉਪਰ ਦੇ ਕਿਸਾਨਾਂ ਨੇ ਦਰਿਆ ਤੇ ਬਣੇ ਨਵੇਂ ਪੁਲ ਸਦਕਾਂ ਸ. ਨਵਤੇਜ ਸਿੰਘ ਚੀਮਾਂ ਦਾ ਧੰਨਵਾਦ ਵੀ ਕੀਤਾ। ਜਿਸ ਤਰਫ ਵੀ ਨਜ਼ਰ ਮਾਰਦੇ ਸੀ ਤਾਂ ਦੂਰ-ਦੁਰਾਡੇ ਖੇਤਾਂ ਵਿਚ ਪਾਣੀ ਹੀ ਪਾਣੀ ਨਜ਼ਰ ਆ ਰਿਹਾ ਸੀ। ਪਾਣੀ ਕਾਰਨ ਕਈ ਪਿੰਡਾਂ ਦਾ ਸੰਪਰਕ ਸੜਕੀ ਰਸਤੇ ਨਾਲੋਂ ਟੁੱਟ ਚੁੱਕਾ ਸੀ। ਏਥੇ ਹੀ ਉਘੇ ਸਮਾਜ ਸੇਵੀ ਅਤੇ ਰਾਜ ਸਭਾ ਮੈਂਬਰ ਬਾਬਾ ਬਲਬੀਰ ਸਿੰਘ ਸੀਚੇਵਾਲ ਇਕ ਕਿਸਤੀ ਵਿਚ ਸਵਾਰ ਹੋ ਕੇ ਸਾਡੇ ਵੱਲ ਆਉਂਦੇ ਨਜ਼ਰ ਆਏ। ਨੇੜੇ ਆਏ ਤਾਂ ਬੜੇ ਹੀ ਪ੍ਰੇਮ ਸਹਿਤ ਅਤੇ ਨਿਮਰਤਾ ਸਹਿਤ ਦੋਵੇਂ ਹੱਥ ਜੋੜ ਕੇ ਸ੍ਰੀ ਸਤਿਗੁਰੂ ਜੀ ਨੂੰ ਮਿਲੇ। ਸ੍ਰੀ ਸਤਿਗੁਰੂ ਜੀ ਨੇ ਬਾਬਾ ਸੀਚੇਵਾਲ ਵਲੋਂ ਕੀਤੇ ਜਾ ਰਹੇ ਕਾਰਜਾਂ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ ਕਿ ਤੁਸੀਂ ਦੁੱਖ ਦੀ ਘੜੀ ਵਿਚ ਲੋਕਾਂ ਨੂੰ ਰਾਹਤ ਪਹੁੰਚਾ ਰਹੇ ਹੋ। ਬਾਬਾ ਸੀਚੇਵਾਲ ਜੀ ਨੇ ਸ੍ਰੀ ਸਤਿਗੁਰੂ ਜੀ ਏਥੇ ਅਜਿਹੇ ਸਮੇਂ ਆਉਣ ਅਤੇ ਲੋਕਾਂ ਨੂੰ ਮਿਲਣ ਲਈ ਸਤਿਗੁਰੂ ਜੀ ਦਾ ਧੰਨਵਾਦ ਕੀਤਾ। ਏਥੋਂ ਹੀ ਵਾਪਸੀ ਸਮੇਂ ਪਿੰਡ ਫੱਤੋਵਾਲ ਵਿਖੇ ਸ. ਗੁਰਮੇਜ ਸਿੰਘ ਪੁੱਤਰ ਸ. ਰਤਨ ਸਿੰਘ, ਮੁਖਤਿਆਰ ਸਿੰਘ, ਅਵਤਾਰ ਸਿੰਘ ਪੁੱਤਰ ਗੁਰਮੇਜ ਸਿੰਘ, ਸੁਖਦੇਵ ਸਿੰਘ ਪੁੱਤਰ ਅਮਰ ਸਿੰਘ ਅਤੇ ਲਖਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਏਥੋ ਹੀ ਵਾਪਸੀ ਸਮੇਂ ਜਿਲਾਂ ਕਪੂਰਥਲਾ ਦੇ ਪਿੰਡ ਖਹਿੜਾਬੇਟ ਵਿਖੇ ਉਦਾਸੀਨ ਸੰਪ੍ਰਦਾਇ ਦੇ ਸਥਾਨ ਤੇ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਇਥੋਂ ਦੇ ਬਾਬਾ ਮਹੰਤ ਮਹਾਤਮਾ ਮੁਨੀ ਜੀ ਨੇ ਸ੍ਰੀ ਸਤਿਗੁਰੂ ਜੀ ਦਾ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ ਅਤੇ ਸ੍ਰੀ ਸਤਿਗੁਰੂ ਜੀ ਨੂੰ ਜੀ ਆਇਆ ਆਖਿਆ। ਏਥੇ ਹੀ ਪਿੰਡ ਖੁਖਰੈਣ ਦੇ ਬਾਬਾ ਅਮਰੀਕ ਸਿੰਘ ਜੀ ਵੀ ਸ੍ਰੀ ਸਤਿਗੁਰੂ ਜੀ ਨੂੰ ਮਿਲਣ ਲਈ ਉਚੇਚੇ ਤੌਰ ਤੇ ਪਧਾਰੇ ਹੋਏ ਸਨ। ਸ੍ਰੀ ਸਤਿਗੁਰੂ ਜੀ ਦਾ ਸਮੁੱਚਾ ਸੇਵਕ ਜਥਾ ਸ੍ਰੀ ਭੈਣੀ ਸਾਹਿਬ ਦੇ ਨੌਜਵਾਨ, ਫੋਟੋਗ੍ਰਾਫਰ ਬੰਤਾ ਸਿੰਘ ਸਮੇਤ ਹਾਜ਼ਰ ਸਨ। ਸੂਬਾ ਅਮਰੀਕ ਸਿੰਘ, ਗੁਰਭੇਜ ਸਿੰਘ ਤਰਨਤਾਰਨ ਹੋਰ ਸੱਜਣ ਵੀ ਹਾਜਰ ਸਨ। ਏਥੋਂ ਹੀ ਵਿਦਾਇਗੀ ਲੈ ਕੇ ਪਿੰਡ ਢਿਲਵਾਂ ਜ਼ਿਲ੍ਹਾਂ ਕਪੂਰਥਲਾ ਤੋਂ ਚੱਲ ਕੇ ਵਾਇਆ ਜਲੰਧਰ, ਲੁਧਿਆਣਾ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਆਣ ਪਧਾਰੇ।

**ਸੂਬਾ ਬਲਵਿੰਦਰ ਸਿੰਘ ਝੱਲ**

# Satguru Ji's July 2025 Tour England & Ireland

**Aasa Singh**

**Introduction**

July 2025 was a month of spiritual enrichment, devotion, and connection as Satguru Jagjit Singh Ji visited the Namdhari Sikh communities across England and Ireland. From the bustling cities of London and Birmingham to the welcoming sangats of Ireland, each program brought together families, youth, elders, and devotees in a collective celebration of Gurbani, seva, and reflection. The tour was not only a chance to experience the wisdom and presence of Satguru Ji and Mata Ji, but also an opportunity for the sangat to pause, reflect, and reconnect with the timeless teachings of the Guru.

**London – Langley & East London Programs**

The tour began in Langley on **Friday 18th July**, where the evening diwan overflowed with anticipation. Attendees, many carrying a year's worth of devotion, were joined by Satpal Singh and family of the Nanak Naam YouTube channel, a special connection for Sat Guru Ji.

The program included involved contemplation of Naam, Jawand Singh's insightful presentation on the **Manifestation of the One** and shabad kirtan by Hazoori Ragis. The evening concluded with dastarbandi for Gurpartap Singh and Ravinder Singh, tying their dastars in the presence of Satguru Ji.

The following morning's **Asa Di Vaar** featured heartfelt shabads, tabla solos, and talks emphasising the importance of seeing the Guru, self-awareness, and surrendering to the Divine Will. The evening diwan in Leicester brought youth reflections and Sarab Singh's talk on **Sangat, humility, and ego dissolution**, with Satguru Ji offering reflections on contentment, selflessness, and seeing life as a collective bouquet of flowers.

**Birmingham Programs**

In Birmingham, devotion, learning, and youth engagement continued:

· **Day One:** Naam Simran, Updesh from Satguru Ji, youth performances, and Q&A with the youth.

· **Day Two:** Asa Di Vaar, reflections from Suba Sulakhan Singh Ji on humility, and devotion, followed by youth performances.

· **Day Three:** Asa Di Vaar, **dastarbandi** ceremonies, award presentation for Ustaad Gurdeep Singh Dharni, and Assa Singh's talk on **Ego**, exploring its subtle influence and how Gurbani guides us to transcend it. The program concluded with the **distribution of laddoos** by Satguru Ji and Mata Gursharan Kaur Ji.

The Birmingham programs fostered reflection, learning, and a vibrant connection between generations of sangat.

**Ireland Programs**

Satguru Ji's visit to Ireland brought a warm, welcoming, and intimate experience:

· **First Evening:** Youth performances followed by keertan by Hazoori Ragis.

· **Next Morning:** Asa Di Vaar in vaara form by the youth, followed by reflections on selected *poureis*.

· **Second Evening:** Naam Simran and keertan, followed by an informal Q&A session,

encouraging open dialogue and shared spiritual insight.

· **Final Morning:** Asa Di Vaar, followed by a serene walk in the park with the sangat before departure back to England.

Ireland's programs emphasized youth engagement, informal interaction, and deep reflection on Gurbani.

**London – East London Programs (25–26 July)**

**25th July – Morning:** Asa Di Vaar and youth performances, along with the **opening of the new Satguru Jagjit Singh Ji library**, symbolizing preservation of spiritual knowledge.

**25th July – Evening:**

· Honoured **elders** who shaped the sangat in the 1960s–1990s

· **Dedication to Ustaad Gurdev Singh Ji**, with reflections by Ustaad Balwant Singh Ji on his lifelong devotion, love for Satguru Ji, and contributions to Sikh sangeet.

· Satguru Ji reflected on life, mortality, the purpose of birth, ego dissolution, importance of Ardaas, and the accessibility of Sikh philosophy to all, reminding the sangat of gratitude, reflection, and humility.

**26th July – Morning:** Asa Di Vaar and the **Anand Karaj of Gian Singh and Kavita Kaur**, followed by collective prayers and blessings. Satguru Ji then departed for Italy, concluding the tour.

**Closing Reflection**

Satguru Ji's July 2025 tour was a journey of inspiration, humility, and spiritual awakening. Across England and Ireland, the sangat experienced the **joy of devotion, the importance of youth engagement, and the timeless guidance of Gurbani**. Each program offered reflection on ego, humility, seva, and connection with the Divine, leaving a profound impact on all who attended.

The tour highlighted the essence of Sikh philosophy: that **everyone can realise and become one with the Almighty**, that life is an opportunity to transcend attachments and ego, and that every act of devotion, be it in music, seva, or reflectioncan bring us closer to the eternal.

It was a celebration of faith, heritage, and the enduring power of spiritual community, reminding all that through devotion, humility and selfless service, we can live a life aligned with the teachings of the Guru.

.......................................................

## ਉਸਤਾਦ ਹਰਭਜਨ ਸਿੰਘ ਜੀ ਨਮਿਤ ਭੋਗ ਸਮਾਗਮ

**29–8–2025** ਦੁਪਹਿਰ ਦੇ ਨਿੱਤਨੇਮ ਦੀ ਸ਼ੁਰੂਆਤ ਦੀ ਅਰਦਾਸ 12 ਵਜੇ ਹੋਈ। ਅੱਜ ਦੇ ਦਿਨ ਨਾਮਧਾਰੀ ਪੰਥ ਦੇ ਉਸਤਾਦ ਹਰਭਜਨ ਸਿੰਘ ਜੀ ਦੀ ਯਾਦ ਵਿੱਚ ਪਾਠਾਂ ਦੇ ਭੋਗ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ। ਉਸਤਾਦ ਹਰਭਜਨ ਸਿੰਘ ਜੀ ਜਿਨ੍ਹਾਂ ਨੇ ਤਿੰਨ ਸਤਿਗੁਰੂ, ਸਾਹਿਬਾਨਾਂ, ਸਤਿਗੁਰੂ ਪ੍ਰਤਾਪ ਸਿੰਘ, ਸਤਿਗੁਰੂ ਜਗਜੀਤ ਸਿੰਘ, ਸਤਿਗੁਰੂ ਉਦੇ ਸਿੰਘ ਜੀ ਦਾ ਪਿਆਰ ਮਾਣਿਆ ਅਤੇ ਹਜ਼ਾਰਾਂ ਹੀ ਬੱਚਿਆਂ ਨੂੰ ਸੰਗੀਤ ਦਾ ਗਿਆਨ ਵੰਡਿਆ। ਉਹ ਪਿਛਲੇ ਕਾਫ਼ੀ ਸਮੇਂ ਤੋਂ ਸਿਹਤ ਪੱਖੋਂ ਨਾਸ਼ਾਜ ਸਨ। ਪਿਛਲੇ ਦਿਨੀਂ 21 ਅਗਸਤ 2025 ਨੂੰ ਇਸ ਆਸਾਰ ਸੰਸਾਰ ਨੂੰ ਅਲਵਿਦਾ ਕਹਿ ਗਏ ਅਤੇ ਪਿੱਛੇ ਬਹੁਤ ਸਾਰੀਆਂ ਅਭੁੱਲ ਯਾਦਾਂ ਛੱਡ ਗਏ। ਸਤਿਗੁਰੂ ਪ੍ਰਤਾਪ ਸਿੰਘ ਦੇ ਸਮੇਂ ਤੋਂ ਇਹ ਸ਼ੁਰੂ ਹੋਇਆ ਸੰਗੀਤ ਦਾ ਦਰਿਆ ਤਿੰਨਾਂ ਸਤਿਗੁਰਾਂ ਦੀ ਛਤਰ ਛਾਇਆ ਹੇਠ ਨਿਰੋਲ ਵਹਿੰਦਾ ਰਿਹਾ ਅਤੇ ਆਪਣੇ ਸੰਗੀਤ ਰੂਪੀ ਜਲ ਨਾਲ ਸਭ ਨੂੰ ਸਰਸਾਰ ਕਰਦਾ ਰਿਹਾ। ਦੁਪਹਿਰ ਦੇ ਨਿਤਨੇਮ ਤੋਂ ਬਾਅਦ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਪਾਠਾਂ ਦੇ

ਭੋਗ ਤੋਂ ਬਾਅਦ ਹਰਪਾਲ ਸਿੰਘ ਸੇਵਕ ਨੇ ਉਸਤਾਦ ਜੀ ਨੂੰ ਸ਼ਰਧਾਜ਼ਲੀ ਦਿੰਦੇ ਹੋਏ ਕਿਹਾ-

**ਹਰਪਾਲ ਸਿੰਘ ਸੇਵਕ-** ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਬਚਨ ਕਰਿਆ ਕਰਦੇ ਸਨ "ਰਾਗ ਦੀ ਦਾਤ ਉਸ ਨੂੰ ਪ੍ਰਾਪਤ ਹੁੰਦੀ ਹੈ, ਜਿਸ ਨੇ ਸੁੱਚੇ ਮੋਤੀ ਦਾਨ ਕੀਤੇ ਹੋਣ।" ਇੱਕ ਵਾਰ ਇੱਕ ਸਿੱਖ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਅਰਜ਼ ਕੀਤੀ ਕਿ ਸਾਡੇ ਕਿਹੜੇ ਕਰਮ ਹਨ ਜੋ ਤੁਸੀਂ ਸਾਨੂੰ ਮਿਲੇ ਸੱਚੇ ਪਾਤਸ਼ਾਹ ਕਿਹਾ "ਤਰਸ ਪਾਇਆ ਮਹਿਰਾਮਤ ਹੋਈ।" ਸੇਵਕ ਹਰਪਾਲ ਸਿੰਘ ਹੋਰਾਂ ਦੱਸਿਆ ਕਿ ਉਸਤਾਦ ਹਰਭਜਨ ਸਿੰਘ ਢਾਈ ਸਾਲਾਂ ਦੇ ਸਨ ਜਦੋਂ ਪਾਕਿਸਤਾਨ ਤੋਂ ਭਾਰਤ ਆਏ। ਉਹਨਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਲੈ ਸਤਿਗੁਰੂ ਜਗਜੀਤ ਸਿੰਘ ਤੇ ਸਤਿਗੁਰੂ ਉਦੇ ਸਿੰਘ ਜੀ ਦੀ ਸੰਗਤ ਦਾ ਆਨੰਦ ਮਾਣਿਆ। ਸਤਿਗੁਰੂ ਪ੍ਰਤਾਪ ਸਿੰਘ ਨੇ ਬਾਲ ਹਰਭਜਨ ਸਿੰਘ ਨੂੰ 'ਰਾਗਾ ਸਿੰਘ' ਦਾ ਖਿਤਾਬ ਦੇ ਕੇ ਨਵਾਜ਼ਿਆ ਅਤੇ ਕਿਹਾ ਇਹ ਤਾਂ ਸਾਡਾ ਰਾਗਾ ਸਿੰਘ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਰਦਾਨ ਸਦਕਾ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਨੂੰ ਚੰਗੇ ਉਸਤਾਦਾਂ ਕੋਲੋਂ ਸਿੱਖਿਆ ਮੁਹੱਈਆ ਕਰਵਾਈ ਅਤੇ ਇਸ ਤਰ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕੀਤੇ ਬਚਨ ਪੂਰੇ ਹੋਏ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਨ ਸੀ ਕਿ ਹਰ ਸਿੱਖ ਦੇ ਬੱਚੇ ਵਿਚੋਂ ਰਾਗ ਦੀ ਖ਼ੁਸ਼ਬੂ ਜਰੂਰ ਆਵੇ, ਉਹ ਬਚਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੂਰਾ ਕੀਤਾ। ਜਦੋਂ ਉਸਤਾਦ ਹਰਭਜਨ ਸਿੰਘ ਜੀ ਨੇ ਸੰਗੀਤ ਵਿਚ ਨਿਪੁੰਨਤਾ ਹਾਸਲ ਕੀਤੀ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਸਦਕਾ ਉਹਨਾਂ ਅੱਗੇ ਆਪਣੇ ਵਿਦਿਆਰਥੀਆਂ ਨੂੰ ਸੰਗੀਤ ਸਿਖਾਉਂਣਾ ਆਰੰਭ ਕੀਤਾ ਅਤੇ ਬਹੁਤ ਸਾਰੇ ਸ਼ਾਗਿਰਦ ਪੈਦਾ ਕੀਤੇ ਜੋ ਉਸਤਾਦ ਹਰਭਜਨ ਸਿੰਘ ਹੋਰਾਂ ਵਾਗ ਹੀ ਸੰਗੀਤ ਦੀ ਚੰਗੀ ਸਮਝ ਰਖਦੇ ਹਨ। ਉਸਤਾਦ ਹਰਭਜਨ ਸਿੰਘ ਜੀ ਹੋਰਾਂ ਨਾਮਧਾਰੀਆਂ ਦੇ ਨਾਲ-ਨਾਲ ਹੋਰਨਾਂ ਬਹੁਤ ਵਿਦਿਆਰਥੀਆਂ ਨੂੰ ਰਾਗ ਸਿਖਾਇਆ।

ਹਰਪਾਲ ਸਿੰਘ ਸੇਵਕ ਤੋਂ ਬਾਅਦ ਉਸਤਾਦ ਜੀ ਦੇ ਪਿਆਰੇ ਸ਼ਾਗਿਰਦ ਹਜ਼ੂਰੀ ਰਾਗੀ ਬਲਵੰਤ ਸਿੰਘ ਜੀ ਨੇ ਉਸਤਾਦ ਜੀ ਨਾਲ ਬਿਤਾਏ ਪਲ ਅਤੇ ਮਿੱਠੀਆਂ ਯਾਦਾਂ ਨੂੰ ਸਾਂਝਾ ਕਰਦੇ ਕਿਹਾ-

**ਰਾਗੀ ਬਲਵੰਤ ਸਿੰਘ-** ਸਤਿਗੁਰ ਦੀ ਬਖ਼ਸ਼ੀ ਹੋਈ ਆਯੂ ਭੋਗ ਕੇ ਉਸਤਾਦ ਹਰਭਜਨ ਸਿੰਘ ਜੀ 20 ਅਗਸਤ 2025 ਨੂੰ ਸੱਚੇ ਪਾਤਸ਼ਾਹ ਦੇ ਚਰਨਾ ਵਿਚ ਜਾ ਬਿਰਾਜੇ। ਮੇਰਾ ਉਸਤਾਦ ਜੀ ਨਾਲ ਪਿਆਰ ਇਕ ਸ਼ਾਗਿਰਦ ਦੀ ਤਰ੍ਹਾਂ ਤਾਂ ਹੈ ਹੀ ਸੀ ਪਰ ਇਕ ਬੱਚੇ ਦੀ ਤਰ੍ਹਾਂ ਵੀ ਉਨ੍ਹਾਂ ਦੇ ਨਾਲ ਪਿਆਰ ਸੀ। ਕਰੀਬ 12-13 ਸਾਲ ਦੀ ਉਮਰ ਵਿਚ ਮੈਂ ਉਸਤਾਦ ਜੀ ਦੇ ਲੜ ਲੱਗਾ। ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕਰ ਕੇ ਉਨ੍ਹਾਂ ਦੇ ਲਾਇਆ। ਉਸ ਸਮੇਂ ਦਾ ਬਣਿਆ ਰਿਸ਼ਤਾ ਅੰਤ ਤੱਕ ਨਿਭਿਆ। ਉਸਤਾਦ ਜੀ ਹੋਰ ਆਪਣੀ ਜ਼ਿੰਦਗੀ ਬਹੁਤ ਹੀ Postive way ਨਾਲ ਗੁਜਾਰੀ। ਹਰਭਜਨ ਸਿੰਘ ਜੀ ਨੇ ਉਸਤਾਦ ਚੰਦਰਹਾਂਸ ਅਤੇ ਉਸਤਾਦ ਤਾਰਾ ਸਿੰਘ ਜੀ ਪਾਸੋਂ ਮੁੱਢਲੇ ਤੌਰ 'ਤੇ ਸੰਗੀਤ ਸਿੱਖਿਆ। ਜਦੋਂ 1962 ਵਿਚ ਉਸਤਾਦ ਪੰਡਿਤ ਮਹਾਂਦੇਵ ਜੀ ਆਏ ਤਾਂ ਉਹਨਾਂ ਤੋਂ ਸੰਗੀਤ ਸਿੱਖਿਆ ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕੀਤਾ ਕਿ ਉਸਤਾਦ ਹਰਭਜਨ ਸਿੰਘ ਉਹ ਬੂਟਾ ਹੈ ਜਿਸ ਤੋਂ ਮੈ ਰਾਗ ਦੀ ਪਨੀਰੀ ਤਿਆਰ ਕਰਨੀ ਹੈ। ਉਹਨਾਂ ਸਤਿਗੁਰਾਂ ਦਾ ਬਚਨ ਪੂਰਾ ਕੀਤਾ। ਸੰਤ ਹਰਬੰਸ ਸਿੰਘ ਘੁੱਲਾ, ਮੋਹਨ ਸਿੰਘ, ਸੁਖਦੇਵ ਸਿੰਘ, ਉਸਤਾਦ ਹਰਭਜਨ ਸਿੰਘ ਦੇ ਪਹਿਲੇ ਸ਼ਾਗਿਰਦ ਹੋਏ। ਬਲਵੰਤ ਸਿੰਘ 1992-93 ਤੋਂ ਉਸਤਾਦ ਜੀ ਕੋਲੋਂ ਸਿੱਖਣਾ ਸ਼ੁਰੂ ਕੀਤਾ ਤਕਰੀਬਨ 8-9 ਸਾਲ ਨਾਮਧਾਰੀ ਕਲਾ ਕੇਂਦਰ ਵਿਖੇ ਸਿੱਖਦਾ ਰਿਹਾ। ਉਸਤਾਦ ਹਰਭਜਨ ਸਿੰਘ ਜੀ ਤਿੰਨ ਸਤਿਗੁਰਾਂ ਦੀ ਕਿਰਪਾ ਦੇ ਪਾਤਰ ਰਹੇ।

ਵਿਖਿਆਨ ਤੋਂ ਬਾਅਦ ਵੱਖ-ਵੱਖ ਉਸਤਾਦ ਜਨਾਂ ਅਤੇ ਅਦਾਰਿਆਂ ਤੋਂ ਆਏ ਸੋਗ ਮਤਿਆ ਨੂੰ ਰਾਗੀ ਬਲਵੰਤ ਸਿੰਘ ਦੁਆਰਾ ਸੰਗਤ ਨਾਲ ਸਾਂਝਾ ਕੀਤਾ ਗਿਆ। ਇਸ ਤੋਂ ਬਾਅਦ ਉਸਤਾਦ ਜੀ ਦੀ ਸਪੁੱਤਰੀ ਪਵਨਜੀਤ ਕੌਰ ਨੇ ਆਪਣੇ ਪਿਤਾ ਨਾਲ ਬਿਤਾਏ ਪਲ ਅਤੇ ਸਤਿਗੁਰੂ ਜੀ ਦੀਆਂ ਪਰਿਵਾਰ ਤੇ ਹੋਈਆਂ ਬਖ਼ਸ਼ਿਸ਼ਾਂ ਦਾ ਗੁਣਗਾਨ ਕੀਤਾ।

**ਪਵਨਜੀਤ ਕੌਰ-** ਉਸਤਾਦ ਹਰਭਜਨ ਸਿੰਘ ਦੀ ਧੀ ਪਵਨਜੀਤ ਕੌਰ ਨੇ ਕਿਹਾ ਕਿ ਉਸਤਾਦ ਜੀ ਨੇ ਬਹੁਤ ਸਾਰੇ ਅਵਾਰਡ ਮਿਲੇ ਪਰ ਸਭ ਤੋਂ ਮਹੱਤਵਪੂਰਨ ਪਹਿਲਾ ਅਵਾਰਡ ਉਨ੍ਹਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਦਿੱਤਾ ਗਿਆ। ਜਦੋਂ ਸਤਿਗੁਰਾਂ ਉਹਨਾਂ ਨੂੰ 'ਰਾਗਾ ਸਿੰਘ' ਆਖ ਕੇ ਮਾਣ ਨਾਲ ਨਿਵਾਜਿਆ ਸੀ ਅਤੇ ਬਚਨ ਕੀਤਾ ਸੀ ਕਿ ਇਹ ਸਾਡਾ ਰਾਗਾ ਸਿੰਘ ਹੈ। ਧੀ ਪਵਨਜੀਤ ਕੌਰ ਨੇ ਅੱਗੋਂ ਦੱਸਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨਾਂ ਨੂੰ 'ਉਸਤਾਦ' ਆਖ ਕੇ ਉਸਤਾਦ ਹਰਭਜਨ ਸਿੰਘ ਦੇ ਨਾਮ ਨਾਲ ਨਿਵਾਜਿਆ ਸੀ। ਸਤਿਗੁਰਾਂ ਆਖਿਆ ਸੀ ਕਿ ਹਰਭਜਨ ਸਿੰਘ ਇੱਕ ਅਜਿਹਾ ਬੂਟਾ ਹੈ ਜਿਸ ਤੋਂ ਅਸੀਂ ਸੰਗੀਤ ਦੀ ਨਵੀਂ ਪਨੀਰੀ ਤਿਆਰ ਕਰਨੀ ਹੈ। ਇੱਕ ਵਾਰ ਸਤਿਗੁਰਾਂ ਨੇ ਹਰਭਜਨ ਸਿੰਘ ਬਾਰੇ ਆਖਿਆ ਸੀ ਕਿ ਮੈਨੂੰ

ਕਿਸੇ ਦੀ ਕੋਈ ਪ੍ਰਵਾਹ ਨਹੀਂ ਕਿ ਕੌਣ ਕਿਧਰ ਹੈ ਪਰ ਹਰਭਜਨ ਸਿੰਘ ਮੇਰੇ ਪੱਲੜੇ ਵਿਚ ਬੈਠਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਡੇ ਸਾਰੇ ਪਰਿਵਾਰ ਨੂੰ ਬਹੁਤ ਹੀ ਪਿਆਰ ਅਤੇ ਸਤਿਕਾਰ ਬਖ਼ਸ਼ਿਆ। ਉਨ੍ਹਾਂ (ਉਸਤਾਦ ਜੀ) ਨੇ ਆਪਣੇ ਸਾਰੇ ਸ਼ਾਗਿਰਦਾਂ ਨੂੰ ਆਪਣੇ ਬੱਚਿਆਂ ਵਾਂਗ ਸਿਖਾਇਆ। ਉਨ੍ਹਾਂ (ਪਵਨਜੀਤ ਕੌਰ) ਨੇ ਕਿਹਾ ਇਹੋ ਅਰਜ਼ ਬੇਨਤੀ ਹੈ ਕਿ ਸਤਿਗੁਰ ਸਾਡੇ ਪਰਿਵਾਰ ਉਪਰ ਮਿਹਰ ਭਰਿਆ ਹੱਥ ਰੱਖਣ।

ਉਪਰੰਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਉਪਦੇਸ਼ ਦੇਣ ਦੀ ਕਿਰਪਾ ਕੀਤੀ-

**ਉਪਦੇਸ਼-** ਪਰਮ ਸਤਿਕਾਰ ਯੋਗ ਸਾਧ ਸੰਗਤ ਜੀ, ਆਪ ਜੀ ਅੱਜ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦੇ ਸਾਜੇ ਤੇ ਪਿਆਰੇ ਸਿੱਖ ਉਸਤਾਦ ਹਰਭਜਨ ਸਿੰਘ ਦੀ ਯਾਦ ਵਿਚ ਇਕੱਠੇ ਹੋਏ ਹੈ। ਪਰਮ ਪਿਤਾ ਪ੍ਰਮਾਤਮਾ ਦੇ ਬਣਾਏ ਹੋਏ ਸੰਸਾਰ ਵਿਚ ਇਨਸਾਨ ਰੂਪ ਵਿਚ ਕਰੋੜਾਂ ਫੁੱਲ ਉਪਜਦੇ ਹਨ, ਕਰੋੜਾਂ ਫੁੱਲ ਆਪਣਾ ਸਮਾਂ ਬਤੀਤ ਕਰ ਕੇ ਵਾਪਸ ਚਲੇ ਜਾਂਦੇ ਹਨ, ਖ਼ਤਮ ਹੋ ਜਾਂਦੇ ਹਨ। ਪਰ ਕੋਈ-ਕੋਈ ਫੁੱਲ ਇਸ ਤਰ੍ਹਾਂ ਦਾ ਆਉਂਦਾ ਹੈ, ਕੋਈ-ਕੋਈ ਫੁੱਲ ਇਸ ਤਰ੍ਹਾਂ ਖਿੜਦਾ ਹੈ, ਜਿਸ ਦੀ ਸੁਗੰਧ ਸਾਰੇ ਵਾਯੂਮੰਡਲ ਹੀ ਸੁਗੰਧਿਤ ਕਰ ਜਾਂਦੀ ਹੈ। ਉਸਤਾਦ ਹਰਭਜਨ ਸਿੰਘ ਜੀ ਉਸ ਤਰ੍ਹਾਂ ਦਾ ਹੀ ਫੁੱਲ ਸੀ। ਜੇਕਰ ਮੈਂ ਬਿਨਾਂ ਪੱਖਪਾਤ ਤੋਂ ਗੱਲ ਕਰਾਂ ਸ਼ਾਇਦ ਇਸ ਸਮੇਂ ਵਿੱਚ ਨਾਮਧਾਰੀ ਜਗਤ ਵਿੱਚ ਜਾ ਇਸ ਪੂਰੇ ਸਿੱਖ ਜਗਤ ਵਿੱਚ ਇਸ ਤਰ੍ਹਾਂ ਦੀ ਹਸਤੀ ਕੋਈ ਵੀ ਨਾ ਹੋਵੇ ਜਿਸ ਨੇ ਕੀਰਤਨ ਦੇ ਰੂਪ ਵਿੱਚ ਸੰਗੀਤ ਦੀ ਐਨੀ ਸੇਵਾ ਕੀਤੀ ਹੈ। ਐਨੇ ਬੱਚਿਆਂ ਨੂੰ ਸੰਗੀਤ ਸਿਖਾਇਆ ਹੈ ਅਤੇ ਐਨੀਆਂ ਬੰਧਿਸ਼ਾਂ ਦਿੱਤੀਆਂ ਹਨ। ਜਿਹੜੇ ਸ਼ਬਦ ਤੁਸੀਂ ਸੁਣਦੇ ਹੋ, ਬਹੁਤ ਸਾਰੇ ਸ਼ਬਦ ਉਨ੍ਹਾਂ ਦੇ ਕੰਪੋਜ਼ ਕੀਤੇ ਹੋਏ ਹਨ। ਉਸਤਾਦ ਜੀ ਦੀ ਸੁਗੰਧੀ ਉਨ੍ਹਾਂ ਕੰਪੋਜੀਸ਼ਨ ਵਿਚੋਂ ਆਉਂਦੀ ਹੈ। ਇਹ ਕੰਪੋਜੀਸ਼ਨ ਭਾਰਤ ਤੋਂ ਲੈ ਕੇ ਅਮਰੀਕਾ ਤੱਕ, ਇੰਗਲੈਂਡ ਤੱਕ ਬਹੁਤ ਬੱਚਿਆਂ ਨੇ ਸਿੱਖਿਆ ਅਤੇ ਬਹੁਤ ਬੱਚਿਆਂ ਨੇ ਗਾਈਆਂ ਹਨ। ਉਨ੍ਹਾਂ ਦੇ ਸੰਗੀਤ ਦੇ ਰੂਪ ਵਿਚ ਉਨ੍ਹਾਂ ਦੀ ਯਾਦ ਹਮੇਸ਼ਾਂ ਸਾਡੇ ਕੋਲ ਰਹੇਗੀ। ਉਸਤਾਦ ਹਰਭਜਨ ਸਿੰਘ ਉਹ ਹਸਤੀ ਸਨ ਜਿਨ੍ਹਾਂ ਕੋਲ ਬੈਠ ਕੇ ਤੁਸੀਂ ਕਦੇ ਉਦਾਸ ਨਹੀਂ ਰਹਿ ਸਕਦੇ ਸੀ। ਉਨ੍ਹਾਂ ਦੇ ਕੋਲ ਬੈਠਿਆਂ ਤੁਹਾਡੀਆਂ ਸਾਰੀਆਂ ਉਦਾਸੀਆਂ ਖ਼ਤਮ ਹੋ ਜਾਂਦੀਆਂ ਸਨ। ਉਸਤਾਦ ਹਰਭਜਨ ਸਿੰਘ ਵਰਗੀ ਕੋਈ ਹਸ਼ਤੀ ਸਾਨੂੰ ਪੂਰੇ ਪੰਥ ਵਿੱਚ ਨਹੀਂ ਦਿਖਾਈ ਦਿੰਦੀ ਜਿਸ ਵਿੱਚ ਐਨੇ ਸਾਰੇ ਗੁਣ ਹੋਣ। ਸੱਚੇ ਪਾਤਸ਼ਾਹ ਕਿਰਪਾ ਕਰਨ ਕਿ ਇਸ ਤਰ੍ਹਾਂ ਦੀਆਂ ਖੁਸ਼ੀਆਂ ਦੇਣ ਵਾਲੀਆਂ ਸ਼ਖ਼ਸੀਅਤਾਂ ਪੈਦਾ ਕਰਨ। ਇਸ ਤਰ੍ਹਾਂ ਦੇ ਸ਼ਖ਼ਸ ਇਸ ਸੰਸਾਰ ਵਿੱਚ ਪੈਦਾ ਹੁੰਦੇ ਰਹਿਣ ਤਾਂ ਜੋ ਇਹ ਸੰਸਾਰ ਰਹਿਣਯੋਗ ਬਣਿਆ ਰਹੇ। ਸਤਿ ਸ੍ਰੀ ਅਕਾਲ

**ਸੰਪਾਦਕ**

.....................................................

## ਘਲਿਹ ਆਵੇ ਨਾਨਕਾ ਸਦੀ ਉਠ ਜਾਏ

ਨਾਮਧਾਰੀ ਧਰਮਸ਼ਾਲਾ ਪੁਰਾਨਾ ਹਮੀਦਾ ਵਿਖੇ "ਘਲੇ ਆਵੈ ਨਾਨਕਾ ਸਦੇ ਉਠੀ ਜਾਹਿ" ਦੇ ਮਹਾਂ ਵਾਕ ਅਨੁਸਾਰ ਬੀਬੀ ਪਲਵਿੰਦਰ ਕੌਰ ਕਰੀਬ 60 ਕੁ ਸਾਲ ਦੀ ਉਮਰ ਭੋਗ ਕੇ ਆਪਣੀ ਜੀਵਨ ਯਾਤਰਾ ਪੂਰੀ ਕਰਕੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਰਾਜੇ ਉਨ੍ਹਾਂ ਨਮਿਤ ਰੱਖੇ ਸਧਾਰਨ ਪਾਠ ਦਾ ਭੋਗ ਨਾਮਧਾਰੀ ਗੁਰਦੁਆਰਾ ਪੁਰਾਣਾ ਹਮੀਦਾ ਵਿਖੇ ਪਾਇਆ ਗਿਆ।



ਇਸ ਭੋਗ ਸਮਾਗਮ ਤੇ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਵਾਲੇ ਉਚੇਚੇ ਤੌਰ ਤੇ ਪੁੱਜੇ ਸਨ ਜਿਨ੍ਹਾਂ ਨੇ ਬੜਾ ਹੀ ਵੈਰਾਗ ਮਈ ਦੀਵਾਨ ਲਗਾਇਆ। ਦੀਵਾਨ ਤੋਂ ਬਾਅਦ ਨੌਂਵੇ ਮੁਹੱਲੇ ਦੇ ਸਲੋਕ ਪੜ੍ਹੇ ਗਏ। ਉਪਰੰਤ ਸੰਤ ਸੁਖਵਿੰਦਰ ਸਿੰਘ ਸ੍ਰੀ ਭੈਣੀ ਸਾਹਿਬ ਤੋਂ ਪਾਠ ਕਰਨ ਲਈ ਆਏ ਹੋਏ ਸੀ। ਉਨ੍ਹਾਂ ਨੇ ਇਕ ਸੂਬਾ ਸੇਵਾ ਸਿੰਘ ਦੀ ਲਿਖੀ ਹੋਈ ਕਵਿਤਾ ਵੀ ਪੜ੍ਹੀ। ਉਪਰੰਤ ਸੂਬਾ ਬਲਦੇਵ ਸਿੰਘ ਨੇ ਦੱਸਿਆ ਬੀਬੀ ਪਲਵਿੰਦਰ ਕੌਰ ਸੰਤ ਬੰਤ ਸਿੰਘ ਸਪੁੱਤਰੀ ਸੀ ਤੇ ਆਪਣੇ ਸਪੁੱਤਰਾਂ ਗੁਰਸੇਵਕ ਸਿੰਘ ਅਤੇ ਧਿਆਨ ਸਿੰਘ ਨੂੰ ਸਤਿਗੁਰੂ ਜੀ ਚਰਨਾਂ ਨਾਲ ਜੋੜ ਕੇ ਗਏ ਹਨ।

**ਗੁਰਚਰਨ ਸਿੰਘ**

.....................................................

## ਪਾਤਸ਼ਾਹ ਜੀ ਦਾ ਡੈਨਮਾਰਕ ਦੁਆਰਾ 2025

ਬੇਸ਼ੱਕ ਡੈਨਮਾਰਕ ਵਿੱਚ ਸਿੱਖਾਂ ਦੀ ਆਬਾਦੀ ਬਹੁਤ ਹੀ ਘੱਟ ਗਿਣਤੀ ਵਿੱਚ ਹੈ। ਨਾਮਧਾਰੀ ਸਿੱਖ ਵੀ ਡੈਨਮਾਰਕ

ਵਿੱਚ ਘੱਟ ਰਹਿੰਦੇ ਹਨ। ਨਾਮਧਾਰੀ ਪੰਥ ਦੇ ਰਹਿਨੁਮਾ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਸੰਗਤ ਵਿਚ ਗੁਰਬਾਣੀ ਅਤੇ ਪੁਰਾਤਨ ਗੁਰਮਤਿ ਸੰਗੀਤ ਦਾ ਪ੍ਰਚਾਰ ਦੇਸ਼ਾਂ ਵਿਦੇਸ਼ਾਂ ਵਿੱਚ ਕਰ ਰਹੇ ਹਨ। ਸੰਧੂ ਬਰਦਰਜ਼ ਨਾਮਧਾਰੀ ਜੋ ਕਿ 45 ਸਾਲਾਂ ਤੋਂ ਡੈਨਮਾਰਕ ਵਿੱਚ ਰਹਿ ਕੇ ਧਾਰਮਿਕ, ਸਮਾਜਿਕ ਅਤੇ ਸਪੋਰਟਸ ਦੀ ਸੇਵਾ ਤਨੋ ਮਨੋ ਅਤੇ ਧਨੋ ਵੱਧ ਚੜ੍ਹ ਕੇ ਕਰ ਰਹੇ ਹਨ। 31 ਅਗਸਤ ਨੂੰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਯੂਰਪ ਦੌਰੇ ਦੌਰਾਨ ਵਿਸ਼ੇਸ਼ ਡੈਨਮਾਰਕ ਦੀਆਂ ਸੰਗਤਾਂ ਨੂੰ ਦਰਸ਼ਨ ਦਿੱਤੇ। ਆਪ ਜੀ ਦੇ ਆਗਮਨ ਤੇ ਵਿਸ਼ੇਸ਼ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ ਡੈਨਮਾਰਕ ਵਿੱਚ 31-7-25 ਨੂੰ ਬੀਬੀ ਅਮਰਜੀਤ ਕੌਰ ਦੇ ਗ੍ਰਹਿ ਵਿਖੇ ਸ਼ਾਮ ਦਾ ਨਿਤਨੇਮ ਅਤੇ ਕੀਰਤਨ ਕੀਤਾ ਗਿਆ। 1-8-25 ਸਵੇਰ ਦੀ ਆਸਾ ਦੀ ਵਾਰ ਦਾ ਕੀਰਤਨ ਗੁਰਮੇਲ ਸਿੰਘ ਘਰ ਹੋਇਆ। ਡਾ. ਐਸ.ਬੀ. ਮਠਾੜੂ ਡੈਨਮਾਰਕ ਨੂੰ 1992 ਵਿੱਚ ਵਰਲਡ ਸੀਡ ਅਵਾਰਡ ਨਾਲ ਨਿਵਾਜਿਆ ਗਿਆ ਸੀ। ਸ੍ਰੀ ਸਤਿਗੁਰੂ ਜੀ ਨੇ ਡਾਕਟਰ ਮਠਾੜੂ ਨਾਲ ਮਿਲਣ ਦੀ ਇੱਛਾ ਪ੍ਰਗਟ ਕੀਤੀ। ਸ੍ਰੀ ਸਤਿਗੁਰੂ ਜੀ ਦਾ ਹੁਕਮ ਮੰਨਦੇ ਹੋਏ ਡਾਕਟਰ ਸਾਹਿਬ ਨਾਲ ਮੁਲਾਕਾਤ ਨਿਸ਼ਚਿਤ ਕੀਤੀ ਗਈ। ਡਾ. ਸਾਹਿਬ ਨੇ ਨਾਮਧਾਰੀ ਸੀਡਸ ਬੰਗਲੋਰ ਦੀ ਸੈਟ ਅਪ ਕਰਨ ਵਿੱਚ ਬਹੁਤ ਸਹਿਯੋਗ ਦਿੱਤਾ ਸੀ। ਡਾ. ਸਾਹਿਬ ਨੇ ਸਤਿਗੁਰੂ ਜੀ ਨਾਲ ਆਪਣੀਆਂ ਪੁਰਾਣੀਆਂ ਯਾਦਾਂ ਤਾਜ਼ਾ ਕੀਤੀਆਂ। ਡੈਨਮਾਰਕ ਦੌਰੇ ਸਮੇਂ ਇਸਕੌਨ ਡੈਨਮਾਰਕ ਦੇ ਪ੍ਰੈਜ਼ੀਡੈਂਟ ਰਾਜਾ ਵਿੱਦਿਆ ਪ੍ਰਭੂ ਨਾਲ ਵੀ ਸਤਿਗੁਰੂ ਜੀ ਨੇ ਬਚਨ ਬਿਲਾਸ ਸਾਂਝੇ ਕੀਤੇ।

ਬੱਚੀ ਸਾਹਿਬ ਕੌਰ ਨੇ ਸੰਗਤ ਨੂੰ ਗੁਰਬਾਣੀ ਦਾ ਸ਼ਬਦ ਸਰਵਣ ਕਰਵਾਇਆ। ਕਾਕਾ ਜੈ ਸਿੰਘ ਨੇ ਤਬਲੇ ਦੇ ਜੌਹਰ ਦਿਖਾਏ। 1-8-25 ਦੀ ਸ਼ਾਮ ਨੂੰ ਵਿਸ਼ਾਲ ਕਲਾਸੀਕਲ ਕੀਰਤਨ ਦਰਬਾਰ ਸ. ਮਨਜੀਤ ਸਿੰਘ ਸੰਧੂ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ ਅਯੋਜਿਤ ਕੀਤਾ ਗਿਆ। ਪੁਰਾਤਨ ਸਾਜਾਂ ਦੁਆਰਾ ਯੂਕੇ ਦੇ ਨਾਮਧਾਰੀ ਜਥੇ ਨੇ ਆਪਣੀ ਮਨਮੋਹਕ ਤੇ ਰਸੀਲੀ ਆਵਾਜ਼ ਨਾਲ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ। ਸੰਗਤਾਂ ਦਾ ਇਕੱਠ ਠਾਠਾਂ ਮਾਰ ਰਿਹਾ ਸੀ, ਹਰ ਕੋਈ ਇਹ ਅਲੋਕਿਕ ਨਜ਼ਾਰਾ ਦੇਖ ਕੇ ਮੰਤਰ ਮੁਗਦ ਸੀ। ਗੁਰਬਾਣੀ ਕੀਰਤਨ ਸੰਤ ਕਿਰਪਾਲ ਸਿੰਘ ਪਨੇਸਰ ਯੂਕੇ ਅਤੇ ਸਾਥੀਆਂ ਨੇ ਕੀਤਾ। ਕੀਰਤਨ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੰਗਤ ਨੂੰ ਸਦ ਉਪਦੇਸ਼ ਦਿੱਤਾ- ਉਸ ਦਾ ਸਾਰੰਸ਼ ਇਹ ਹੈ- "ਸਾਨੂੰ ੴ ਦੇ ਅਰਥ ਨੂੰ ਗਹਿਰਾਈ ਨਾਲ ਸਮਝ ਕੇ ਉਸ ਉੱਪਰ ਅਮਲ ਕਰਨ ਦੀ ਲੋੜ ਹੈ, ਸਭ ਇਨਸਾਨ ਬਰਾਬਰ ਹਨ ਇਕੋ ਹੀ ਰੱਬ ਨੇ ਸਾਰਿਆਂ ਨੂੰ ਬਣਾਇਆ ਹੈ। ਦਇਆ ਨੂੰ ਅਪਣਾਉਣ ਨਾਲ ਜੀਵਨ ਵਿੱਚ ਸੁਖ ਮਿਲਦਾ ਹੈ। ਦਇਆ ਤੋਂ ਬਿਨਾਂ ਧਰਮ ਅਧੂਰਾ ਹੈ ਗੁਰਬਾਣੀ ਸਾਨੂੰ ਪਰਮਾਤਮਾ ਦਾ ਨਾਮ ਜਪਣਾ ਸਿਖਾਉਂਦੀ ਹੈ। ਘੱਟ ਤੋਂ ਘੱਟ ਦਿਨ ਵਿੱਚ ਇੱਕ ਘੰਟਾ ਉਸ ਪਰਮਾਤਮਾ ਨਾਲ ਜੁੜੋ ਤੇ ਆਪਣਾ ਜੀਵਨ ਸਫਲਾ ਕਰੋ। 1-8-25 ਸ਼ਾਮ ਨੂੰ ਕੀਰਤਨ ਦਰਬਾਰ ਉਪਰੰਤ Qresand ਬ੍ਰਿਜ ਦਾ ਦੌਰਾ ਕੀਤਾ ਜੋ ਕਿ 16 ਕਿਲੋਮੀਟਰ ਦਾ ਟਨਲ ਡੈਨਮਾਰਕ ਅਤੇ ਸਵੀਡਨ ਨੂੰ ਜੋੜਦਾ ਹੈ। ਇਹ ਬ੍ਰਿਜ ਦਾ ਰੋਡ ਜਦੋਂ ਸਮੁੰਦਰ ਵਿੱਚ ਪ੍ਰਵੇਸ਼ ਕਰਦਾ ਹੈ ਤੇ ਰਾਤ ਦੇ ਸਮੇਂ ਆਕਰਸ਼ਣ ਦਾ ਕੇਂਦਰ ਬਣ ਜਾਂਦਾ ਹੈ। ਸੱਚੇ ਪਾਤਸ਼ਾਹ ਜੀ ਨੇ ਸਵੀਡਨ ਵਿਖੇ ਸੂਰਜ ਅਸਤ ਹੋਣ ਦਾ ਆਨੰਦ ਮਾਣਿਆ। ਇਸ ਸਮਾਗਮ ਨੂੰ ਸਫਲ ਬਣਾਉਣ ਦਾ ਸਿਹਰਾ ਸੁਖਦੇਵ ਸਿੰਘ ਸੰਧੂ, ਮਨਜੀਤ ਸਿੰਘ ਸੰਧੂ, ਬਲਦੇਵ ਸਿੰਘ ਸੰਧੂ, ਬੀਬੀ ਅਮਰਜੀਤ ਕੌਰ, ਗੁਰਮੇਲ ਸਿੰਘ, ਹਰਦੀਪ ਸਿੰਘ ਨੂੰ ਜਾਂਦਾ ਹੈ। ਸ. ਕਾਲਰਾ ਸਾਹਿਬ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਹੋਈ ਹਵਾਈ ਜਹਾਜ ਵਿੱਚ ਮੁਲਾਕਾਤ ਦਾ ਬ੍ਰਿਤਾਂਤ ਸੰਗਤ ਨਾਲ ਸਾਝਾਂ ਕੀਤਾ ਕਿ ਕਿਵੇਂ ਉਹਨਾਂ ਦੇ ਦਿਲ ਦੀ ਗੱਲ ਬੁੱਝ ਕੇ ਕਾਲਰਾ ਸਾਹਿਬ ਨੂੰ ਪ੍ਰਭਾਵਿਤ ਕੀਤਾ ਸੀ। ਸੁਖਦੇਵ ਸਿੰਘ ਸੰਧੂ ਨੇ ਸਟੇਜ ਦੀ ਸੇਵਾ ਨਿਭਾਈ ਅੰਤ ਵਿੱਚ ਸਮੂਹ ਆਈ ਹੋਈ ਸਾਧ ਸੰਗਤ ਅਤੇ ਸ੍ਰੀ ਸਤਿਗੁਰੂ ਜੀ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ। ਗੁਰੂ ਕਾ ਲੰਗਰ ਸੰਗਤਾਂ ਲਈ ਤਿਆਰ ਕੀਤਾ ਗਿਆ। ਸੰਗਤਾਂ ਕੀਰਤਨ ਦਰਬਾਰ ਦੇਖ ਕੇ ਆਪਣੇ ਆਪ ਨੂੰ ਵਡਭਾਗੇ ਮਹਿਸੂਸ ਕਰ ਰਹੇ ਸਨ। ਸੂਬਾ ਸੁਲੱਖਣ ਸਿੰਘ ਜੀ ਯੂਕੇ ਨੇ ਬਹੁਤ ਹੀ ਸਰਲ ਭਾਸ਼ਾ ਵਿੱਚ ਸੰਗਤਾਂ ਨੂੰ ਗੁਰਬਾਣੀ ਵਿੱਚੋਂ ਪ੍ਰਮਾਣ ਦੇ ਕੇ ਜਿੰਦਗੀ ਦੀ ਹਕੀਕਤ ਤੇ ਚਾਨਣਾ ਪਾਇਆ। ਕਨੇਡਾ ਤੋਂ ਸੂਬਾ ਗੁਰਦਿਆਲ ਸਿੰਘ, ਸੰਤ ਹਰਜਿੰਦਰ ਸਿੰਘ ਜੀ ਜਰਮਨੀ ਤੋਂ, ਸੰਤ ਪਿਆਰਾ ਸਿੰਘ ਅਤੇ ਪੁਰਤਗਾਲ ਤੋਂ ਸਰਦਾਰ ਗੰਡਾ ਸਿੰਘ ਨੇ ਡੈਨਮਾਰਕ ਦੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਸੇਵਕ ਸੰਤ ਕਰਤਾਰ ਸਿੰਘ ਜੀ ਅਤੇ ਸੇਵਕ ਆਸਾ ਸਿੰਘ ਜੀ ਦਾ ਸਮੂਹ ਡੈਨਮਾਰਕ ਨੇ ਸੰਗਤ ਧੰਨਵਾਦੀ ਹੈ ਜਿਨ੍ਹਾਂ ਨੇ ਸ੍ਰੀ ਸਤਿਗੁਰੂ ਜੀ ਦੇ ਪਵਿੱਤਰ ਦਰਸ਼ਨ ਕਰਵਾਉਣ ਵਿੱਚ ਅਥਾਹ ਸਹਾਇਤਾ ਕੀਤੀ।

**ਸੁਖਦੇਵ ਸਿੰਘ ਸੰਧੂ**

# ਯੂਰਪ ਦੌਰਾ 2025



Date of Publication : 06 September 2025
Date of Posting: 08 September 2025

RNI NO. 55658/93
LDM/008/2021-2023

## ਸ਼੍ਰੋਮਣੀ ਸਾਹਿਤਕਾਰ ਗੁਰਬਚਨ ਸਿੰਘ ਭੁੱਲਰ ਨੂੰ ਪੰਥ ਰਤਨ ਮਾ. ਨਿਹਾਲ ਸਿੰਘ ਸਿਮਰਤੀ ਸਨਮਾਨ ਦਿੱਤਾ ਗਿਆ





Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.